
# ਅੰਮ੍ਰਿਤ ਕੀਰਤਨ

ਸਤੰਬਰ 2012



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਸ

ਸਿਫ਼ਤ ਕਰਾਂ ਕੀ ਰੱਬ ਸੱਚੇ ਦੀ,
ਕੈਸੀ ਖੇਡ ਰਚਾਈ ਹੂ।

ਪਿਉ, ਪੁੱਤ ਤੇ ਸੱਭ ਕਬੀਲਾ
ਮਿਲਦੇ ਭੈਣ ਤੇ ਭਾਈ ਹੂ

ਬਾਹਿਰੋਂ ਆ ਕੇ ਨੂੰਹਾਂ ਬਣੀਆਂ,
ਬਾਹਿਰੋਂ ਆਏ ਜਵਾਈ ਹੂ।

ਸੰਤੋਖ ਬਣਿਆ ਪਰਿਵਾਰ ਸਭ ਮਿਲਕੇ
ਦੇਖੇ ਸਭ ਲੁਕਾਈ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਪਾਠ ਰਾਮਕਲੀ ਸਦ ਬਾਣੀ ਦਾ 5

ਹਿੰਦੁਸਤਾਨੀ ਸੰਗੀਤ ਵਿਚ ਅਪਣਾਏ ਗਏ ਕਰਨਾਟਕ ਸੰਗੀਤ ਪੱਧਤੀ ਦੇ ਕੁਝ ਰਾਗ
ਚਰਨਜੀਤ ਸਿੰਘ 6

ਭਾਈ ਰਣਧੀਰ ਸਿੰਘ ਜੀ ਦਾ ਕੀਰਤਨ ਮਨੋਰਥ ਅਤੇ ਕੀਰਤਨ ਜੁਗਤ
ਡਾ. ਜਾਗੀਰ ਸਿੰਘ 12

ਫਿਲਮੀ ਤਰਜਾਂ ਤੇ ਕੀਰਤਨ
ਸੰਤੋਖ ਸਿੰਘ 17

ਗੁਰੂ ਘਰ ਦੇ ਕੀਰਤਨੀਏ ਪ੍ਰੋ: ਮੰਗਤ ਸਿੰਘ ਮਸਤਾਨਾ
ਕਰਨੈਲ ਸਿੰਘ ਐੱਮ. ਏ. 21

Giani Hira Singh (Kahsmir) 22

ਸੁਰ ਲਿਪੀ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

# ✉ ਮਿਤ੍ਰ ਅਸਾਡੜੇ ਸੇਈ

Many thanks for your email dated Aug 14, 2012 and for the link to amritkirtan. For long I have been reading the copies of the amritkirtan and have learned a lot about our rich philosophy and gurmat sangeet. I also express my deepest gratitude for mailing me the four CD's of promienent Raagis of the panth, which is really a priceless treasure and needs to be share with the present generation to connect them with our glorious tradition.

May Satguru bless you and your entire team with good health so that you may continue with this noble duty. With profound regards,

Avtar Singh

Very many thanks for the courier delivery of 3 CD's each of "Bhajo Gobind" and un announced of Bhai Santa Singh, Puratan Kirtanya. It is a sheer delight to hear Bhai Sahib Kirtan through this CD after a very very long period. During 1953-58, I was living quite opposite to gali of Gurudwara Sis Ganj Sahib, where Bhai Santa Singh performing Kirtan as a Hazoori Ragi. I used to listen his kirtan while doing "Jora Sewa" as well daily. We still Cheris his melodious voice and vast knowledge of Gurbani. Request more CD's of Bhai Santa Singh ji be supplied for our Sehyogee, if available. Thanks.

**Bhagwant Singh, 204-D, Gali No. 36, Arjun Nagar, Safdarjang Enclave, New Delhi**

ਅੰਮ੍ਰਿਤ ਕੀਰਤਨ ਲਗਾਤਾਰ ਮਿਲ ਰਿਹਾ ਹੈ ਅਤੇ ਇਸ ਵਿਚ ਦਿਨ-ਬ-ਦਿਨ ਨਿਖਾਰ ਆ ਰਿਹਾ ਹੈ। ਕਾਫੀ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਤਿੰਨ ਕੋਸ਼ ਤਿਆਰ ਕੀਤੇ ਹਨ, ਜੋ ਚੰਡੀਗੜ੍ਹ ਦੇ ਯੂਨੀਸਟਾਰ ਵਾਲਿਆਂ ਛਾਪੇ ਸਨ।

ਗਿਆਨੀ ਹੀਰਾ ਸਿੰਘ ਸਾਡੀ ਰਿਆਸਤ ਦੇ ਪ੍ਰਸਿੱਧ ਕੀਰਤਨੀਏ ਸਨ। ਉਹਨਾਂ ਬਾਰੇ ਸੰਖੇਪ ਜਾਣਕਾਰੀ ਅੰਗਰੇਜ਼ੀ ਵਿਚ ਭੇਜ ਰਿਹਾ ਹਾਂ। ਜੇ ਚੰਗੀ ਲੱਗੇ ਤਾਂ ਅਗਲੇ ਅੰਕ ਵਿਚ ਪਾ ਦੇਣੀ ਜੀ।

Jasbir Singh, Gole Gujral, Jammu Tawi-180002

ਡਾ.ਜਾਗੀਰ ਸਿੰਘ ਵੱਲੋਂ ਕਰੋ ਬੇਨੰਤੀਆ ਕਾਲਮ ਵਿਚ ਗੁਰਬਾਣੀ ਕੀਰਤਨ ਤਾਲ ਅਤੇ ਲੈਅ ਅਤੇ ਡਾ. ਐੱਸ. ਐੱਸ. ਭੱਟੀ ਜੀ ਵੱਲੋਂ ਲਿਖਿਆ ਲੇਖ ਵਟ ਇਜ਼ ਦਾ ਪਰਪਜ਼ ਆਫ ਲਾਈਫ ਬਹੁਤ ਹੀ ਮਹੱਤਵਪੂਰਨ ਲੇਖ ਸਨ। ਪ੍ਰੋ. ਕਰਤਾਰ ਸਿੰਘ ਜੀ ਵੱਲੋਂ ਲਿਖਿਆ ਲੇਖ ਕੀਰਤਨ ਚੌਂਕੀਆਂ ਗਿਆਨ ਭਰਪੂਰ ਲੇਖ ਹੈ।

ਸੰਤ ਮੁਕੰਦ ਸਿੰਘ, ਮਾਫਰਤ ਦਲਜੀਤ ਸਿੰਘ, ਰਣਜੀਤ ਸਿੰਘ ਮੋਟਰ ਸਟੋਰ, ਸਾਹਮਣੇ ਜਸਵੰਤ ਸਿਨੇਮਾ, ਜੀ. ਟੀ. ਰੋਡ, ਮਲੋਟ

# ਪਾਠ ਰਾਮਕਲੀ ਸਦ ਬਾਣੀ ਦਾ

ਪਿੱਛੇ ਜਿਹੇ ਕਿਸੇ ਮਿਰਤਕ ਦੇ ਭੋਗ ਸਮੇਂ ਕੀਰਤਨ ਕਰਨ ਗਏ ਸਾਂ। ਐਸੇ ਮੌਕੇ ਆਮ ਤੌਰ ਤੇ ਜਦੋਂ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀ ਸਮਾਪਤੀ ਕੀਤੀ ਜਾਂਦੀ ਹੈ ਤਾਂ ਰਾਮਕਲੀ ਰਾਗ ਵਿੱਚ ਦਰਜ ਸਦ ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਪਰ ਉਦੋਂ ਭਾਈ ਸਾਹਿਬ ਨੇ 'ਸਦ' ਦਾ ਪਾਠ ਕਰਨ ਤੋਂ ਮਨ੍ਹਾਂ ਕਰ ਦਿੱਤਾ। ਇੱਕ ਸੱਜਣ ਨੇ ਉਹਨਾਂ ਨੂੰ ਕਿਹਾ ਵੀ ਪਰ ਉਹ ਨਹੀਂ ਮੰਨੇ। ਅਸੀਂ ਝਗੜਾ ਨਹੀਂ ਕੀਤਾ।

ਪੰਥ ਦੇ ਸਿਆਣਿਆਂ ਨੇ ਰਾਗਮਾਲਾ ਦੇ ਵਿਵਾਦ ਨੂੰ ਇਸੇ ਤਰ੍ਹਾਂ ਹੀ ਨਿਪਟਾਉਣ ਦਾ ਜਤਨ ਕੀਤਾ ਸੀ। ਉਹਨਾਂ ਲਿਖਿਆ ਹੈ- ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਰਾਗਮਾਲਾ ਨਾਲ ਹੀ ਛਪਣਗੇ। ਪਰ ਪਾਠ ਦੇ ਭੋਗ ਸਮੇਂ ਰਾਗ ਮਾਲਾ ਪੜ੍ਹਨ ਜਾਂ ਨਾ ਪੜ੍ਹਨ ਬਾਰੇ ਪਾਬੰਦੀ ਨਹੀਂ। ਝਗੜਾ ਨਹੀਂ ਕਰਨਾ। ਇਸ ਭਾਵਨਾ ਨੂੰ ਹੋਰ ਥਾਵਾਂ ਤੇ ਲਾਗੂ ਕਰਕੇ ਝਗੜੇ ਨਿਬੇੜਨ ਦਾ ਜਤਨ ਕਰਨਾ ਚਾਹੀਦਾ ਹੈ।

ਮਿਰਤਕ ਦੀ ਦੇਹ ਨੂੰ ਅਗਨ ਭੇਟ ਕਰਨ ਸਮੇਂ ਆਮ ਤੌਰ ਤੇ ਲਕੜੀਆਂ ਆਦਿ ਦਾ ਪ੍ਰਬੰਧ ਕਰਦਿਆਂ ਜਪੁ ਜੀ ਦਾ ਪਾਠ ਆਰੰਭ ਕੀਤਾ ਜਾਂਦਾ ਸੀ ਜੋ ਪ੍ਰਬੰਧ ਕਰਦਿਆਂ ਕਰਦਿਆਂ ਸਮਾਪਤ ਹੋ ਜਾਂਦਾ ਸੀ। ਫਿਰ ਅਰਦਾਸ ਕਰਕੇ ਲਾਂਬੂ ਲਾਇਆ ਜਾਂਦਾ ਸੀ। ਪਰ ਅੱਜ ਕਲ੍ਹ ਕਈ ਗੁਰਦੁਆਰਿਆਂ ਦੇ ਗ੍ਰੰਥੀ ਪਤਾ ਨਹੀਂ ਕਿਉਂ ਇਸ ਸਮੇਂ ਪਾਠ ਕਰਨ ਤੋਂ ਮਨ੍ਹਾਂ ਕਰ ਦਿੰਦੇ ਹਨ।

ਅਗਨ ਭੇਟ ਤੋਂ ਬਾਅਦ ਇੱਕ ਦੋ ਸ਼ਬਦਾਂ ਦਾ ਕੀਰਤਨ ਵੀ ਕੀਤਾ ਜਾਂਦਾ ਸੀ ਪਰ ਕਈ ਇਸ ਤੇ ਵੀ ਇਤਰਾਜ਼ ਕਰਦੇ ਹਨ। ਇਹ ਰਵਾਇਤ ਗੁਰੂ ਕਾਲ ਤੋਂ ਚਲੀ ਆ ਰਹੀ ਹੈ। ਇਸ ਦਾ ਇਤਿਹਾਸਕ ਪੁਸਤਕਾਂ ਵਿੱਚ ਜ਼ਿਕਰ ਵੀ ਹੈ। ਜਪੁਜੀ ਸਾਹਿਬ ਦਾ ਪਾਠ ਅਤੇ ਕੀਰਤਨ ਅਜਿਹੇ ਮੌਕੇ ਦੀ ਲੋੜ ਵੀ ਹੈ। ਇਸ ਸਮੇਂ ਗੁਰਬਾਣੀ ਹੀ ਸਾਨੂੰ ਢਾਰਸ ਦਿੰਦੀ ਹੈ।

ਰਾਮਕਲੀ ਸਦ ਦੀ ਭਾਵਨਾ ਨੂੰ ਸਮਝਣ ਦੀ ਲੋੜ ਹੈ। ਜਿਥੇ ਇਸ ਵਿੱਚ ਕਿਸੇ ਦੇ ਅਕਾਲ ਚਲਾਣੇ ਸਮੇਂ ਮਾਨਸਿਕ ਸਥਿਤੀ ਨੂੰ ਸੰਭਾਲਣ ਦੀ ਜਾਚ ਦੱਸੀ ਗਈ ਹੈ। ਉਥੇ ਪਰਿਵਾਰਿਕ ਝਗੜੇ ਦਾ ਨਿਬੇੜਾ ਕਰਨ ਦਾ ਤਰੀਕਾ ਵੀ ਦੱਸਿਆ ਹੈ। ਗੁਰੂ ਅਮਰ ਦਾਸ ਜੀ ਨੇ ਗੁਰ ਗੱਦੀ ਗੁਰੂ ਰਾਮਦਾਸ ਜੀ ਨੂੰ ਦੇ ਦਿੱਤੀ ਤਾਂ ਉਹਨਾਂ ਦੇ ਪੁਤਰਾਂ ਵਿੱਚ ਰੋਸ ਪੈਦਾ ਹੋ ਗਿਆ ਪਰ ਗੁਰੂ ਸਾਹਿਬ ਨੇ ਸਭ ਨੂੰ ਮਨਾ ਕੇ ਗੁਰੂ ਰਾਮ ਦਾਸ ਜੀ ਦੇ ਚਰਨੀਂ ਲਗਾ ਦਿੱਤਾ-

ਮੋਹਰੀ ਪੁਤ ਸਨਮੁਖ ਹੋਆ ਰਾਮਦਾਸੈ ਪੈਰੀ ਪਾਇ ਜੀਉ।

-ਕੋਈ ਕਰ ਬਖੀਲੀ ਨਿਵੈ ਨਾਹੀ ਫਿਰ ਸਤਿਗੁਰ ਆਣ ਨਿਵਾਇਆ।

ਅਜਿਹੇ ਸਮੇਂ ਪਰਿਵਾਰਾਂ ਵਿੱਚ ਜਾਇਦਾਦ ਆਦਿ ਦੇ ਝਗੜੇ ਸ਼ੁਰੂ ਹੋ ਜਾਂਦੇ ਹਨ 'ਸਦ' ਮਿਲਵਰਤਨ ਦਾ ਸੁਨੇਹਾ ਵੀ ਦਿੰਦੀ ਹੈ। ਇਸ ਲਈ ਇਸ ਸਮੇਂ ਇਸ ਦਾ ਪਾਠ ਕਰਨਾ ਸਾਰਥਕ ਜਾਪਦਾ ਹੈ। ਭੁੱਲ ਚੁੱਕ ਖਿਮਾ

# ਹਿੰਦੁਸਤਾਨੀ ਸੰਗੀਤ ਵਿਚ ਅਪਣਾਏ ਗਏ ਕਰਨਾਟਕ ਸੰਗੀਤ ਪੱਧਤੀ ਦੇ ਕੁਝ ਰਾਗ

**ਚਰਨਜੀਤ ਸਿੰਘ**

14ਵੀਂ ਸ਼ਤਾਬਦੀ ਤੱਕ ਪੂਰੇ ਭਾਰਤ ਵਿਚ ਇਕੋ ਤਰ੍ਹਾਂ ਦਾ ਸ਼ਾਸਤਰੀ ਸੰਗੀਤ ਪ੍ਰਚਾਰ ਵਿਚ ਸੀ ਪਰ ਇਸ ਸਮੇਂ ਤੋਂ ਬਾਅਦ ਭਾਰਤੀ ਸ਼ਾਸਤਰੀ ਸੰਗੀਤ ਹੌਲੀ-ਹੌਲੀ ਦੋ ਵੱਖ ਵੱਖ ਦੋ ਧਾਰਾਵਾਂ ਵਿਚ ਵੰਡਿਆ ਜਾਣ ਲੱਗਾ। ਇਸ ਦਾ ਮੁੱਖ ਕਾਰਨ ਸੀ, ਭਾਰਤ ਵਿਚ ਮੁਗਲ ਸਾਮਰਾਜ ਦਾ ਸਥਾਪਤ ਹੋਣਾ। ਲਗਭਗ 11ਵੀਂ ਸ਼ਤਾਬਦੀ ਤੋਂ ਹੀ ਭਾਰਤ ਵਿਚ ਮੁਸਲਮਾਨ ਸ਼ਾਸਕਾਂ ਦੇ ਹਮਲੇ ਸ਼ੁਰੂ ਹੋ ਗਏ ਸਨ। ਵਿਦੇਸ਼ੀ ਹਮਲਿਆਂ ਦੀ ਤਾਬ ਨਾ ਝੱਲਦੇ ਹੋਏ ਬਹੁਤ ਸਾਰੇ ਸੰਗੀਤਜੀਵੀ ਤਾਂ ਪਹਿਲਾਂ ਹੀ ਦੱਖਣੀ ਭਾਰਤ ਵੱਲ ਕੂਚ ਕਰ ਗਏ ਸਨ, ਕਿਉਂਕਿ ਵਧੇਰੇ ਹਮਲੇ ਉੱਤਰ ਭਾਰਤ ਦੇ ਖੇਤਰ ਵਿਚ ਹੀ ਕੀਤੇ ਗਏ।

ਹੌਲੀ-ਹੌਲੀ ਪੂਰੇ ਉੱਤਰੀ ਭਾਰਤ ਵਿਚ ਮੁਗਲ ਰਾਜ ਸਥਾਪਤ ਹੋ ਗਿਆ, ਜਿਸ ਕਾਰਨ ਉੱਤਰ ਭਾਰਤ ਦੀਆਂ ਕਲਾਵਾਂ 'ਤੇ ਮੁਸਲਿਮ ਸੰਸਕ੍ਰਿਤੀ ਦਾ ਪ੍ਰਭਾਵ ਪੈਣ ਲੱਗਾ। ਇਹ ਮੁਸਲਿਮ ਸੰਸਕ੍ਰਿਤੀ ਦੇ ਪ੍ਰਭਾਵ ਦਾ ਹੀ ਸਿੱਟਾ ਹੈ ਕਿ ਉੱਤਰ ਭਾਰਤ ਦੇ ਸੰਗੀਤ ਦਾ ਸਵਰੂਪ ਦੱਖਣੀ ਭਾਰਤੀ ਸੰਗੀਤ ਤੋਂ ਭਿੰਨ ਹੋ ਗਿਆ। ਉੱਤਰ ਭਾਰਤੀ ਸ਼ਾਸਤਰੀ ਸੰਗੀਤ 'ਹਿੰਦੁਸਤਾਨੀ ਸੰਗੀਤ' ਦੇ ਰੂਪ ਵਿਚ ਪ੍ਰਚੱਲਤ ਹੋਣ ਲੱਗਾ, ਜਿਸ ਨੂੰ ਦਿੱਲੀ ਦੇ ਰਾਜ ਦਰਬਾਰ ਦੀ ਸਰਪ੍ਰਸਤੀ ਹਾਸਿਲ ਸੀ। ਓਧਰ ਦੱਖਣ ਵਿਚ ਵਿਜੈ ਨਗਰ ਸਾਮਰਾਜ ਦੇ ਵਿਸ਼ੇਸ਼ ਯਤਨਾਂ ਸਦਕਾ ਭਾਰਤੀ ਸੰਗੀਤ 'ਕਰਨਾਟਕੀ ਸੰਗੀਤ' ਦੇ ਰੂਪ ਵਿਚ ਵਿਕਾਸ ਦੀਆਂ ਮੰਜ਼ਿਲਾਂ ਤੈਅ ਕਰਨ ਲੱਗਾ। ਹਿੰਦੁਸਤਾਨੀ ਸੰਗੀਤ ਵਿਚ ਜਿੱਥੇ ਫਾਰਸ ਅਤੇ ਅਰਬ ਦੇ ਸੰਗੀਤ ਦਾ ਪ੍ਰਭਾਵ ਸੀ, ਉਥੇ ਕਰਨਾਟਕੀ ਸੰਗੀਤ ਮੂਲ ਭਾਰਤ ਸੰਗੀਤ ਪਰੰਪਰਾ ਦੇ ਪਰਿਵਰਤਿਤ ਰੂਪ ਵਜੋਂ ਵਿਕਸਤ ਹੋਇਆ।

ਹਿੰਦੁਸਤਾਨੀ ਅਤੇ ਕਰਨਾਟਕੀ ਸੰਗੀਤ-ਭਾਰਤੀ ਸੰਗੀਤ ਦੀਆਂ ਇਹ ਦੋਵੇਂ ਧਾਰਾਵਾਂ ਜਿੱਥੇ ਮੂਲ ਬੁਨਿਆਦੀ ਸਮਾਨਤਾ ਦੀਆਂ ਧਾਰਣੀ ਹਨ, ਉਥੇ ਇਹਨਾਂ ਵਿਚ ਸੁਤੰਤਰ ਹੋਂਦ ਦੇ ਕਈ ਚਿੰਨ੍ਹ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਹਿੰਦੁਸਤਾਨੀ ਸੰਗੀਤ ਵਿਚ ਧਰੁਪਦ, ਖ਼ਿਆਲ, ਠੁਮਰੀ, ਟੱਪਾ, ਤਾਰਾਨਾ, ਸਾਦਰਾ ਆਦਿ ਗਾਇਨ ਸ਼ੈਲੀਆਂ ਦਾ ਪ੍ਰਚਲਨ ਹੈ ਅਤੇ ਕਰਨਾਟਕੀ ਸੰਗੀਤ ਵਿਚ ਕ੍ਰਿਤੀ, ਵਰਣਮ, ਚੌਕ ਵਰਣਮ, ਪਦ ਵਰਣਮ, ਤਿਲਾਨਾ ਆਦਿ ਦਾ ਪ੍ਰਚਾਰ ਹੈ। ਇਸ ਤਰ੍ਹਾਂ ਹਿੰਦੁਸਤਾਨੀ ਸੰਗੀਤ ਵਿਚ ਸਿਤਾਰ, ਸਰੋਦ, ਸਾਰੰਗੀ, ਤਬਲਾ ਆਦਿ ਸਾਜ਼ ਪ੍ਰਮੁੱਖ ਹਨ ਅਤੇ ਕਰਨਾਟਕੀ ਪੱਧਤੀ ਵਿਚ ਵੀਣਾ, ਵਾਇਲਨ, ਨਾਗ, ਸਵਰਮ, ਮ੍ਰਿਦੰਗ ਆਦਿ ਸਾਜ਼ ਪਲੇਠੀ ਕਤਾਰ ਦੇ ਸਾਜ਼ ਹਨ। ਇਸੇ ਤਰ੍ਹਾਂ ਸਵਰਾਂ ਦੇ ਨਾਮ, ਸਵਰ-ਤਾਲ ਲਿੱਪੀ ਪੱਧਤੀ, ਰਾਗਾਂ ਵਿਚ ਭਿੰਨਤਾਵਾਂ, ਥਾਟ ਮੇਲ ਪੱਧਤੀ ਸੰਬੰਧੀ ਅੰਤਰ ਆਦਿ ਬਹੁਤ ਸਾਰੇ ਤੱਤ ਹਨ ਜੋ ਦੋਵਾਂ ਪੱਧਤੀਆਂ ਦੀਆਂ ਭਿੰਨਤਾਵਾਂ ਨੂੰ ਦਰਸਾਉਂਦੇ ਹਨ। ਇਹਨਾਂ ਭਿੰਨਤਾਵਾਂ ਵਿਚੋਂ ਇਕ ਭਿੰਨਤਾ ਹੈ-ਹਿੰਦੁਸਤਾਨੀ ਅਤੇ ਕਰਨਾਟਕੀ ਰਾਗਾਂ ਸੰਬੰਧੀ। ਦੋਵਾਂ ਸੰਗੀਤ ਪੱਧਤੀਆਂ ਵਿਚ ਕੁਝ ਰਾਗ ਅਜਿਹੇ ਹਨ, ਜਿਹਨਾਂ ਦੇ ਨਾਮ ਤਾਂ ਵੱਖਰੇ ਵੱਖਰੇ ਹਨ ਪਰ ਉਹਨਾਂ ਦਾ ਸਰੂਪ ਇਕ

ਸਮਾਨ ਹਨ ਜਿਵੇਂ:

| | |
|---|---|
| ਹਿੰਦੁਸਤਾਨੀ ਰਾਗ | ਕਰਨਾਟਕੀ ਰਾਗ |
| ਦੁਰਗਾ | ਸ਼ੁੱਧ ਸਾਵੇਰੀ |
| ਭੁਪਾਲੀ | ਸੋਹਨਾ |
| ਮਧਮਾਦ ਸਾਰੰਗ | ਮਧਮਮੀ |
| ਹਿੰਡੋਲ | ਮਾਲਕੌਂਸ |
| ਜੋਗੀਆ | ਸਾਵੇਰੀ |
| ਕਾਫ਼ੀ | ਖਰਹਰ ਪ੍ਰਿਯ |
| ਭੈਰਵੀ | ਹਨੂਮਾਨ ਤੋੜੀ |
| ਬਾਗੇਸ਼੍ਵਰੀ | ਸ੍ਰੀ ਰੰਜਨੀ |

ਉਪਰੋਕਤ ਰਾਗਾਂ ਨੂੰ ਦੋਵੇਂ ਪੱਧਤੀਆਂ ਵਿਚ ਵੱਖ ਵੱਖ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਪਰ ਇਹਨਾਂ ਰਾਗਾਂ ਦਾ ਸਵਰੂਪ ਇਕ ਸਮਾਨ ਹੈ। ਇਸ ਉਦਾਹਰਨ ਤੋਂ ਪਤਾ ਚਲਦਾ ਹੈ ਕਿ ਭਾਵੇਂ ਭਾਰਤੀ ਸੰਗੀਤ ਦੀਆਂ ਦੋਵੇਂ ਧਾਰਾਵਾਂ ਕੁਝ ਭਿੰਨਤਾਵਾਂ ਦੀਆਂ ਧਾਰਨੀ ਹਨ ਪਰ ਇਹਨਾਂ ਦਾ ਮੂਲ ਇਕੋ ਹੀ ਹੈ। ਭਾਰਤੀ ਸ਼ਾਸਤਰੀ ਸੰਗੀਤ ਦੀਆਂ ਦੋਵੇਂ ਧਾਰਾਵਾਂ ਪਿਉਂਦ ਕੀਤੇ ਹੋਏ ਫ਼ਲਦਾਰ ਰੁੱਖ ਦੀ ਤਰ੍ਹਾਂ ਹਨ ਜਿਸ ਦੇ ਪੱਤੇ ਅਤੇ ਫਲ ਬੇਸ਼ੱਕ ਰੰਗ ਅਤੇ ਆਕਾਰ ਪੱਖੋਂ ਭਿੰਨਤਾ ਰੱਖਦੇ ਹਨ ਪਰ ਇਸ ਰੁੱਖ ਦੀ ਜੜ੍ਹ ਵੀ ਇਕ ਹੈ ਅਤੇ ਇਸ ਦੇ ਫਲਾਂ ਤੋਂ ਪੈਦਾ ਹੋਣ ਵਾਲੇ ਰਸ ਦਾ ਸਵਾਦ ਅਤੇ ਆਨੰਦ ਵੀ ਇਕ ਹੈ। ਭਾਰਤੀ ਰਾਗਾਂ ਦਾ ਮੂਲ ਅਤੇ ਉਸ ਤੋਂ ਪੈਦਾ ਹੋਣ ਵਾਲੇ ਰਸ ਵਿਚ ਸਮਾਨਤਾ ਹੋਣ ਕਰਕੇ ਹੀ ਬਹੁਤ ਸਾਰੇ ਰਾਗਾਂ ਨੂੰ ਇਕ ਦੂਜੀ ਪੱਧਤੀ ਵਿਚ ਅਪਨਾਇਆ ਗਿਆ ਹੈ। ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਕਈ ਰਾਗ ਕਰਨਾਟਕੀ ਰਾਗ ਪੱਧਤੀ ਵਿਚ ਪ੍ਰਚਲਤ ਹੋਏ ਹਨ; ਜਿਵੇਂ : ਬਿਹਾਗ, ਮਾਂਡ, ਸਿੰਧੂ, ਭੈਰਵੀ, ਦੇਸ, ਬਾਗੇਸ਼੍ਵਰੀ, ਭੀਮਪਲਾਸੀ, ਤਿਲੰਗ, ਚੰਦਰਕੌਂਸ, ਤੇ ਖਮਾਜ।

ਇਸੇ ਤਰ੍ਹਾਂ ਬਹੁਤ ਸਾਰੇ ਦੱਖਣ ਦੇ ਰਾਗਾਂ ਨੂੰ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿਚ ਅਪਨਾਇਆ ਗਿਆ ਹੈ। ਕਲਾਕਾਰਾਂ ਦਾ ਦੇਸ਼ ਦੇ ਵੱਖ ਵੱਖ ਹਿੱਸਿਆ ਵਿਚ ਮੰਚ-ਪ੍ਰਦਰਸ਼ਨ ਹੋਣ ਕਰਕੇ ਰਾਗਾਂ ਦਾ ਆਦਾਨ ਪ੍ਰਦਾਨ ਹੋਇਆ। ਉੱਤਰ ਭਾਰਤੀ ਕਲਾਕਾਰਾਂ ਦਾ ਦੱਖਣ ਵਿਚ ਅਤੇ ਦੱਖਣੀ ਕਲਾਕਾਰਾਂ ਦਾ ਉੱਤਰ ਭਾਰਤ ਵਿਚ ਆਉਣ-ਜਾਣ ਹੋਇਆ ਅਤੇ ਮੰਚ-ਪ੍ਰਦਰਸ਼ਨ ਰਾਹੀਂ ਇਹਨਾਂ ਰਾਗਾਂ ਦੀ ਲੋਕਪ੍ਰਿਯਤਾ ਵਿਚ ਵਾਧਾ ਹੋਇਆ। ਰਾਗਾਂ ਦੇ ਪ੍ਰਚਲਨ ਦਾ ਮੁੱਖ ਕਾਰਨ 'ਪ੍ਰਯੋਗਾਤਮਕ' ਹੈ। ਹਿੰਦੁਸਤਾਨੀ ਰਾਗਦਾਰੀ ਦੀ ਸੁੰਦਰਤਾ ਵਿਚ ਵਾਧੇ ਦੇ ਮਨੋਰਥ ਨੂੰ ਲੈ ਕੇ ਕਰਨਾਟਕੀ ਰਾਗਾਂ ਨੂੰ ਅਪਣਾਉਣ ਦੇ ਪ੍ਰਯਾਸ ਦੇ ਪ੍ਰਯੋਗ ਸ਼ੁਰੂ ਹੋਏ ਅਤੇ ਕਈ ਰਾਗਾਂ ਸੰਬੰਧੀ ਸਫ਼ਲਤਾਪੂਰਨ ਸਿੱਟੇ ਵੀ ਪ੍ਰਾਪਤ ਹੋਏ। ਕਰਨਾਟਕੀ ਸੰਗੀਤ ਦੇ ਰਾਗਾਂ ਨੂੰ ਹਿੰਦੁਸਤਾਨੀ ਸੰਗੀਤ ਵਿਚ ਲੋਕਪ੍ਰਿਯ ਬਣਾਉਣ ਵਿਚ ਕਈ ਕਲਾਕਾਰਾਂ ਦਾ ਯੋਗਦਾਨ ਰਿਹਾ ਹੈ, ਜਿਹਨਾਂ ਵਿਚੋਂ ਸਿਤਾਰ ਵਾਦਕ ਪੰਡਤ ਰਵੀ ਸ਼ੰਕਰ ਅਤੇ ਸ੍ਰੀ ਕ੍ਰਿਸ਼ਨ ਰਤੰਨਜਨਕਰ ਦੇ ਨਾਮ ਵਰਣਨਯੋਗ ਹਨ।

ਕਰਨਾਟਕੀ ਰਾਗਾਂ ਨੂੰ ਹਿੰਦੁਸਤਾਨੀ ਸੰਗੀਤ ਵਿਚ ਪ੍ਰਯੋਗਾਤਮਕ ਵਿਧੀ ਰਾਹੀਂ ਅਪਨਾਉਣ ਦੀ ਕ੍ਰਿਆ ਭਾਵੇਂ 20ਵੀਂ ਸਦੀ ਦੇ ਕਲਾਕਾਰਾਂ ਨੇ ਸ਼ੁਰੂ ਕੀਤੀ ਸੀ ਪਰ ਇਸ ਦੀ ਸ਼ੁਰੂਆਤ ਅਸਲ ਵਿਚ 15ਵੀਂ ਸਦੀ ਦੇ ਭਗਤੀ

ਲਹਿਰ ਦੇ ਕਵੀ ਅਤੇ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 16ਵੀਂ ਸਦੀ ਵਿਚ ਹੀ ਕਰ ਦਿੱਤੀ ਸੀ। 16ਵੀਂ ਸਦੀ ਦੇ ਆਰੰਭਿਕ ਦਹਾਕਿਆਂ ਵਿਚ ਗੁਰੂ ਸਾਹਿਬ ਜਦੋਂ ਦੱਖਣ ਭਾਰਤ ਗਏ ਤਾਂ ਉੱਥੋਂ ਦੇ ਕੁਝ ਰਾਗਾਂ ਨੂੰ ਉਹਨਾਂ ਨੇ ਆਪਣੀ ਬਾਣੀ ਗਾਉਣ ਲਈ ਪ੍ਰਯੋਗ ਵਿਚ ਲਿਆਂਦਾ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਛੇ ਰਾਗ ਦਰਜ ਹਨ ਜਿਹਨਾਂ ਦੇ ਨਾਵਾਂ ਨਾਲ 'ਦੱਖਣੀ' ਵਿਸ਼ੇਸ਼ਣ ਲਗਾਇਆ ਗਿਆ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਦੱਖਣ ਭਾਰਤ ਦੇ ਰਾਗ ਹਨ। ਦੂਜਾ ਅਰਥ ਇਹ ਵੀ ਹੈ ਕਿ ਸੰਬੰਧਤ ਰਾਗ ਦਾ ਜੋ ਸਰੂਪ ਦੱਖਣ ਵਿਚ ਪ੍ਰਚਲਤ ਹੈ, ਉਸ ਅਨੁਸਾਰ ਹੀ ਇਸ ਨੂੰ ਗਾਇਆ ਜਾਵੇ। ਉਦਾਹਰਨ ਦੇ ਤੌਰ 'ਤੇ ਇਕ ਰਾਗ ਹੈ – ਬਿਲਾਵਲ ਦੱਖਣੀ। ਬਿਲਾਵਲ ਹਿੰਦੁਸਤਾਨੀ ਸੰਗੀਤ ਦਾ ਇਕ ਸੁਤੰਤਰ ਰਾਗ ਹੈ ਪਰ ਇਸ ਦੇ ਨਾਲ ਦੱਖਣੀ ਸ਼ਬਦ ਲੱਗ ਜਾਣ ਤੋਂ ਭਾਵ ਹੈ ਕਿ ਦੱਖਣ ਵਿਚ ਇਸ ਰਾਗ ਨੂੰ ਜਿਸ ਢੰਗ ਨਾਲ ਗਾਇਆ ਜਾਂਦਾ ਹੈ, ਉਸੇ ਸਵਰੂਪ ਵਿਚ ਹੀ ਇਸ ਨੂੰ ਗਾਇਆ ਜਾਵੇ। ਇਸ ਤਰ੍ਹਾਂ ਦੇ ਛੇ ਰਾਗ ਬਾਣੀ ਵਿਚ ਦਰਜ ਹਨ:

| ਰਾਗ | ਪੰਨਾ ਨੰਬਰ |
|---|---|
| ਗੌੜੀ ਦੱਖਣੀ | 152 |
| ਵਡਹੰਸ ਦੱਖਣੀ | 580 |
| ਬਿਲਾਵਲ ਦੱਖਣੀ | 843 |
| ਰਾਮਕਲੀ ਦੱਖਣੀ | 907 |
| ਮਾਰੂ ਦੱਖਣੀ | 1033 |
| ਪ੍ਰਭਾਤੀ ਦੱਖਣੀ | 1343 |

20ਵੀਂ ਸਦੀ ਦੌਰਾਨ ਜੋ ਕਰਨਾਟਕੀ ਰਾਗ ਹਿੰਦੁਸਤਾਨੀ ਸੰਗੀਤ ਪੱਧਤੀ ਵਿਚ ਪ੍ਰਚਲਤ ਹੋਏ, ਉਨਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ:

1. ਚਾਰੂਕੇਸ਼ੀ : ਪੂਰਵਾਂਗ ਵਿਚ ਬਿਲਾਵਲ ਅਤੇ ਉਤਰਾਂਗ ਵਿਚ ਭੈਰਵੀ ਰਾਗ ਦੇ ਸੰਯੋਗ ਤੋਂ ਕਰਨਾਟਕ ਸੰਗੀਤ ਦੇ ਇਸ 26ਵੇਂ ਮੇਲ ਕਰਤਾ ਦਾ ਨਿਰਮਾਣ ਹੁੰਦਾ ਹੈ। ਇਸ ਵਿਚ ਰੀ, ਗੁ, ਮਾ, ਧਾ, ਨੀ ਦਾ ਪ੍ਰਯੋਗ ਹੁੰਦਾ ਹੈ। ਇਹ ਸੰਪੂਰਨ ਜਾਤੀ ਦਾ ਰਾਗ ਹੈ। ਦੱਖਣੀ ਸੰਗੀਤ ਪੱਧਤੀ ਵਿਚ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ:

| | | | | | | | | |
|---|---|---|---|---|---|---|---|---|
| ਆਰੋਹ : | ਸ | $ਰਿ_2$ | $ਗ_3$ | $ਮ_1$ | ਪ | $ਧ_1$ | $ਨਿ_2$ | ਸਂ |
| ਅਵਰੋਹ: | ਸਂ | $ਨਿ_2$ | $ਧ_1$ | ਪ | $ਮ_1$ | $ਗ_3$ | $ਰਿ_2$ | ਸ |

ਹਿੰਦੁਸਤਾਨੀ ਸੰਗੀਤ ਦੀ ਸਵਰ ਲਿੱਪੀ ਪੱਧਤੀ ਵਿਚ ਇਹ ਸਵਰ ਇਸ ਪ੍ਰਕਾਰ ਹਨ:

| | | | | | | | | |
|---|---|---|---|---|---|---|---|---|
| ਆਰੋਹ: | ਸ | ਰੇ | ਗ | ਮ | ਪ | ਧੁ | ਨੀ | ਸਂ |
| ਅਵਰੋਹ | ਸਂ | ਨੀ | ਧੁ | ਪ | ਮ | ਗ | ਰੇ | ਸ |

ਇਸ ਰਾਗ ਨੂੰ ਬਿਲਾਵਲ ਅਤੇ ਭੈਰਵੀ ਦਾ ਮਿਸ਼ਰਣ ਕਿਹਾ ਜਾ ਸਕਦਾ ਹੈ। ਸ਼ਾਸਤਰੀ ਸੰਗੀਤ ਤੋਂ ਇਲਾਵਾ ਸੁਗਮ ਸੰਗੀਤ ਵਿਚ ਵੀ ਇਸ ਰਾਗ ਦਾ ਬਹੁਤ ਇਸਤੇਮਾਲ ਮਿਲਦਾ ਹੈ। ਉੱਤਰ ਭਾਰਤ ਵਿਚ ਇਸ ਰਾਗ ਦੇ ਪ੍ਰਚਾਰ ਦਾ ਸਿਹਰਾ ਪੰਡਿਤ ਰਵੀ ਸ਼ੰਕਰ ਨੂੰ ਜਾਂਦਾ ਹੈ।

2. ਬਸੰਤ ਮੁਖਾਰੀ : ਉੱਤਰ ਭਾਰਤ ਵਿਚ ਇਸ ਰਾਗ ਦਾ ਪ੍ਰਚਾਰ ਸ੍ਰੀ ਕ੍ਰਿਸ਼ਨ ਰਤੰਜਨਕਰ ਦੁਆਰਾ ਕੀਤਾ ਗਿਆ। ਇਸ ਰਾਗ ਦਾ ਨਿਰਮਾਣ ਭੈਰਵ ਅਤੇ ਭੈਰਵੀ ਰਾਗਾਂ ਦੇ ਮਿਸ਼ਰਣ ਤੋਂ ਹੋਇਆ ਹੈ। ਇਸ ਦੇ ਪੂਰਵਾਂਗ ਵਿਚ ਭੈਰਵ ਅਤੇ ਉਤਰਾਂਗ ਵਿਚ ਭੈਰਵੀ ਰਾਗ ਹੈ। ਇਸ ਵਿਚ ਰੇ ਧੁ ਨੀ ਸਵਰਾਂ ਦੇ ਕੋਮਲ ਰੂਪ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਹਿੰਦੁਸਤਾਨੀ ਸੰਗੀਤ ਦੇ ਕਿਸੇ ਵੀ ਥਾਟ ਦੇ ਸਵਰਾਂ ਨਾਲ ਇਸ ਰਾਗ ਦੀ ਸਮਾਨਤਾ ਨਹੀਂ ਹੈ। ਇਸ ਨੂੰ ਭੈਰਵੀ ਜਾਂ ਭੈਰਵ ਦੋਵਾਂ ਥਾਟਾਂ ਵਿਚੋਂ ਕਿਸੇ ਵੀ ਥਾਟ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਕਰਨਾਟਕ ਸੰਗੀਤ ਵਿਚ ਇਸ ਨੂੰ 14ਵੇਂ ਮੇਲ ਦੇ ਅੰਤਰਗਤ ਰੱਖਿਆ ਜਾਂਦਾ ਹੈ ਅਤੇ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ:

| | | | | | | | | |
|---|---|---|---|---|---|---|---|---|
| ਆਰੋਹ: | ਸ | ਰਿ$_1$ | ਗ$_3$ | ਮ$_1$ | ਪ | ਧ$_1$ | ਨਿ$_2$ | ਸਂ |
| ਅਵਰੋਹ: | ਸਂ | ਨਿ$_2$ | ਧ$_1$ | ਪ | ਮ$_1$ | ਗ$_3$ | ਰਿ | ਸ |

ਹਿੰਦੁਸਤਾਨੀ ਸਵਰ ਲਿਪੀ ਪੱਧਤੀ ਵਿਚ ਇਹ ਸਵਰ ਇਸ ਪ੍ਰਕਾਰ ਹਨ:

| | | | | | | | | |
|---|---|---|---|---|---|---|---|---|
| ਆਰੋਹ: | ਸ | ਰੇ | ਗ | ਮ | ਪ | ਧੁ | ਨੀ | ਸਂ |
| ਅਵਰੋਹ : | ਸਂ | ਨੀ | ਧੁ | ਪ | ਮ | ਗ | ਰੇ | ਸ |

3. ਵਾਚਸਪਤੀ : ਦੱਖਣੀ ਸੰਗੀਤ ਵਿਚ ਇਹ ਰਾਗ 64ਵੇਂ ਮੇਲ ਦੇ ਅੰਤਰਗਤ ਆਉਂਦਾ ਹੈ। ਇਸਦੇ ਸਵਰ 'ਰੀ ਗੁ ਮੀ ਧੀ ਨੀ' ਹਨ। ਹਿੰਦੁਸਤਾਨੀ ਸੰਗੀਤ ਵਿਚ ਇਸ ਰਾਗ ਨੂੰ ਵੀ ਸਰੋਦ ਅਤੇ ਸਿਤਾਰ ਵਾਦਕਾਂ ਦੁਆਰਾ ਪ੍ਰਚਲਤ ਕੀਤਾ ਗਿਆ ਹੈ ਜਿਸ ਵਿਚ ਪੰਡਿਤ ਰਵੀ ਸ਼ੰਕਰ ਦਾ ਨਾਮ ਵਰਣਨਯੋਗ ਹੈ। ਇਸ ਰਾਗ ਦੇ ਪੂਰਵਾਂਗ ਵਿਚ ਕਲਿਆਣ ਅਤੇ ਉਤਰਾਂਗ ਵਿਚ ਖਮਾਜ ਰਾਗ ਹੈ।ਕਰਨਾਟਕ ਸੰਗੀਤ ਪੱਧਤੀ ਵਿਚ ਇਸ ਰਾਗ ਦਾ ਅਰੋਹ ਤੇ ਅਵਰੋਹ ਇਸ ਪ੍ਰਕਾਰ ਹੈ:

| | | | | | | | | |
|---|---|---|---|---|---|---|---|---|
| ਆਰੋਹ: | ਸ | ਰਿ2 | ਗ3 | ਮ2 | ਪ | ਧ2 | ਨਿ2 | ਸਂ |
| ਅਵਰੋਹ : | ਸਂ | ਨਿ2 | ਧ2 | ਪ | ਮ2 | ਗ3 | ਰਿ2 | ਸ |

ਹਿੰਦੁਸਤਾਨੀ ਸਵਰ ਲਿਪੀ ਪੱਧਤੀ ਵਿਚ ਇਹ ਸਵਰ ਇਸ ਪ੍ਰਕਾਰ ਹਨ:

| | | | | | | | | |
|---|---|---|---|---|---|---|---|---|
| ਆਰੋਹ | ਸ | ਰੇ | ਗ | ਮ' | ਪ | ਧ | ਨੀ | ਸਂ |
| ਅਵਰੋਹ | ਸਂ | ਨੀ | ਧ | ਪ | ਮ' | ਗ | ਰੇ | ਸ |

4. ਹੰਸ-ਧਵਨੀ : ਇਹ ਰਾਗ ਰਾਮਾਸਵਾਮੀ ਦੀਕਸ਼ਿਤ ਦੁਆਰਾ ਬਣਾਇਆ ਗਿਆ ਹੈ ਅਤੇ ਦੱਖਣੀ ਸੰਗੀਤ ਦੇ 19ਵੇਂ ਮੇਲ ਕਰਤਾ (ਰੀ ਗੂ ਮ ਧ ਨੂ) ਦੇ ਅੰਤਰਗਤ ਹੈ। ਹਿੰਦੁਸਤਾਨੀ ਸੰਗੀਤ ਪੱਧਤੀ ਵਿਚ ਬਿਲਾਵਲੁ ਥਾਟ ਦੇ ਅੰਤਰਗਤ ਮੰਨਿਆ ਜਾਂਦਾ ਹੈ। ਇਸ ਦੀ ਜਾਤੀ ਔੜਵ-ਔੜਵ ਹੈ। 'ਰੇ' ਅਤੇ 'ਪ' ਵਾਦੀ ਸੰਵਾਦੀ ਹਨ। ਇਹ ਚੰਚਲ ਪ੍ਰਕ੍ਰਿਤੀ ਦਾ ਰਾਗ ਹੈ ਅਤੇ ਸਵਰ ਵਿਸਤਾਰ ਤਾਰ ਸਪਤਕ ਵਿਚ ਵਧੇਰੇ ਕੀਤਾ ਜਾਂਦਾ ਹੈ। ਰਿਸ਼ਭ ਸਵਰ ਬਹੁਤ ਪ੍ਰਭਾਵਸ਼ਾਲੀ ਹੈ। ਇਸ ਰਾਗ ਵਿਚ ਮੀਂਡ, ਮੁਰਕੀ ਆਦਿ ਤੋਂ ਸਾਵਧਾਨ ਰਹਿਣਾ ਪੈਂਦਾ ਹੈ। ਕਰਨਾਟਕ ਸੰਗੀਤ ਪੱਧਤੀ ਵਿਚ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ:

| | | | | | | |
|---|---|---|---|---|---|---|
| ਆਰੋਹ: | ਸ | ਰਿ2 | ਮ1 | ਪ | ਧ2 | ਸਂ |
| ਅਵਰੋਹ: | ਸਂ | ਧ2 | ਪ | ਮ1 | ਰਿ2 | ਸ |

ਹਿੰਦੁਸਤਾਨੀ ਸਵਰ ਲਿਪੀ ਪੱਧਤੀ ਵਿਚ ਇਸ ਸਵਰ ਇਸ ਪ੍ਰਕਾਰ ਹਨ:

| | | | | | | |
|---|---|---|---|---|---|---|
| ਆਰੋਹ: | ਸ | ਰੇ | ਮ | ਪ | ਧ | ਸਂ |
| ਅਵਰੋਹ: | ਸਂ | ਧ | ਪ | ਮ | ਰੇ | ਸ |

5. ਕਿਰਵਾਨੀ : ਇਸ ਰਾਗ ਦਾ ਪ੍ਰਚਰਨ ਹਿੰਦੁਸਤਾਨੀ ਸੰਗੀਤ ਵਿਚ ਕਰਨਾਟਕ ਦੇ ਵਾਦਕਾਂ ਦੁਆਰਾ ਹੋਇਆ ਹੈ। ਪੰਡਿਤ ਰਵੀ ਸ਼ੰਕਰ ਦਾ ਵੀ ਕਾਫ਼ੀ ਯੋਗਦਾਨ ਹੈ। ਵਿਅੰਕਟਮੁਖੀ ਘਰਾਣੇ ਵਿਚ ਇਸ ਰਾਗ ਨੂੰ 'ਕੀਰਨਾਟਕੀ' ਕਿਹਾ ਜਾਂਦਾ ਹੈ। ਇਹ 21ਵਾਂ ਮੇਲ ਕਰਤਾ ਹੈ। ਹਿੰਦੁਸਤਾਨੀ ਸੰਗੀਤ ਦੇ ਗੰਧਾਰ ਧੈਵਤ ਸਵਰਾਂ ਦੇ ਕੋਮਲ ਰੂਪ ਪ੍ਰਯੋਗ ਹੁੰਦੇ ਹਨ। ਕਰਨਾਟਕ ਸੰਗੀਤ ਪੱਧਤੀ ਵਿਚ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ:

| | | | | | | | | |
|---|---|---|---|---|---|---|---|---|
| ਆਰੋਹ: | ਸ | ਰਿ2 | ਗ2 | ਮ1 | ਪ | ਧ1 | ਨਿ3 | ਸਂ |
| ਅਵਰੋਹ: | ਸਂ | ਨਿ3 | ਧ1 | ਪ | ਮ1 | ਗ2 | ਰਿ2 | ਸ |

ਹਿੰਦੁਤਸਾਨੀ ਸਵਰ ਲਿਪੀ ਪੱਧਤੀ ਵਿਚ ਇਹ ਸਵਰ ਇਸ ਪ੍ਰਕਾਰ ਹਨ:

| | | | | | | | | |
|---|---|---|---|---|---|---|---|---|
| ਆਰੋਹ: | ਸ | ਰੇ | ਗੁ | ਮ | ਪ | ਧੁ | ਨੀ | ਸਂ |
| ਅਵਰੋਹ: | ਸਂ | ਨੀ | ਧੁ | ਪ | ਮ | ਗੁ | ਰੇ | ਸ |

6. ਜਨ-ਸਮੋਹਨੀ : ਇਸ ਰਾਗ ਦੇ ਪ੍ਰਚਲਨ ਦਾ ਸਿਹਰਾ ਵੀ ਰਵੀ ਸ਼ੰਕਰ ਦੇ ਸਿਰ ਹੈ। ਇਸ ਵਿਚ ਰਿਸ਼ਭ ਸਵਰ ਦਾ ਪ੍ਰਯੋਗ ਕਲਿਆਣ ਅੰਗ ਨਾਲ ਹੋਣ ਕਾਰਨ ਇਹ ਕਲਿਆਣ ਅੰਗ ਮਿਸ਼ਰਿਤ ਰਾਗ ਜਾਪਦਾ ਹੈ ਪਰ ਇਸ ਨੂੰ ਖਮਾਜ ਖਾਟ ਦੇ ਅੰਤਰਗਤ ਰੱਖਿਆ ਜਾਂਦਾ ਹੈ। ਕਰਨਾਟਕ ਸੰਗੀਤ ਪੱਧਤੀ ਵਿਚ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ:

| | | | | | | | |
|---|---|---|---|---|---|---|---|
| ਆਰੋਹ: | ਸ | ਰਿ2 | ਗ3 | ਪ | ਧ2 | ਨਿ2 | ਸਂ |
| ਅਵਰੋਹ: | ਸਂ | ਨਿ2 | ਧ2 | ਪ | ਗ3 | ਰਿ2 | ਸ |

ਹਿੰਦੁਤਾਨੀ ਸਵਰ ਲਿਪੀ ਪੱਧਤੀ ਵਿਚ ਇਸ ਸਵਰ ਇਸ ਪ੍ਰਕਾਰ ਹਨ:

| | | | | | | | |
|---|---|---|---|---|---|---|---|
| ਆਰੋਹ: | ਸ | ਰੇ | ਗ | ਪ | ਧ | ਨੁੀ | ਸਂ |
| ਅਵਰੋਹ: | ਸਂ | ਨੁੀ | ਧ | ਪ | ਗ | ਰੇ | ਸ |

7. ਆਭੋਗੀ: ਹਿੰਦੁਸਤਾਨੀ ਸੰਗੀਤ ਵਿਚ ਇਸ ਨੂੰ ਆਭੋਗੀ ਕਾਨ੍ਹੜਾ ਵੀ ਕਿਹਾ ਜਾਦਾ ਹੈ ਕਿਉਂਕਿ ਇਸ ਦੇ ਅਰਵੋਹ ਵਿਚ 'ਗੁ ਮ ਰੇ ਗੁ' ਕਾਨ੍ਹੜਾ ਅੰਗ ਤੋਂ ਲਿਆ ਗਿਆ ਹੈ। ਇਹ 22ਵੇਂ ਮੇਲ ਕਰਤਾ ਖਰਹਰ ਪ੍ਰੀਆ 'ਰੀ ਗੀ ਮਾ ਧੀ ਨੀ' ਦਾ ਜੰਨਯ ਰਾਗ ਹੈ। ਪੰਚਮ ਤੇ ਨਿਸ਼ਾਦ ਵਰਜਤ ਹੋਣ ਕਾਰਨ ਇਹ ਔੜਵ ਜਾਤੀ ਦਾ ਰਾਗ ਹੈ। ਕਰਨਾਟਕ ਪੱਧਤੀ ਵਿਚ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ:

| | | | | | | |
|---|---|---|---|---|---|---|
| ਆਰੋਹ : | ਸ | ਰਿ2 | ਗ2 | ਮ1 | ਧ2 | ਸਂ |
| ਅਵਰੋਹ: | ਸਂ | ਧ2 | ਮ1 | ਗ2 | ਰਿ2 | ਸ |

ਹਿੰਦੁਸਤਾਨੀ ਸਵਰ ਲਿਪੀ ਪੱਧਤੀ ਵਿਚ ਇਹ ਸਵਰ ਇਸ ਪ੍ਰਕਾਰ ਹਨ:

| | | | | | | | |
|---|---|---|---|---|---|---|---|
| ਆਰੋਹ: | ਸ | ਰੇ | ਗੁ | ਮ | ਧ | ਸਂ | |
| ਅਵਰੋਹ: | ਸਂ | ਧ | ਮ | ਗੁ | ਰੇ | ਸ | |

8. ਸਰਸਵਤੀ : ਇਹ 64ਵੇਂ ਮੇਲ ਦੇ ਅੰਤਰਗਤ ਆਉਂਦਾ ਹੈ। ਮਧਿਅਮ ਤੀਵਰ ਅਤੇ ਨਿਸ਼ਾਦ ਕੋਮਲ ਹੋਣ ਕਰਕੇ ਵਾਚਸਪਤੀ ਦੇ ਵਧੇਰੇ ਨੇੜੇ ਹੈ। ਇਹ ਰਾਗ 'ਬਾਲਬਉਦਮੇਦਕਰ' ਦੁਆਰਾ ਪ੍ਰਚਲਤ ਕੀਤਾ ਗਿਆ ਹੈ। ਹਿੰਦੁਸਤਾਨੀ ਸੰਗੀਤ ਵਿਚ ਇਸ ਦੀ ਜਾਤੀ ਔੜਵ-ਸ਼ਾੜਵ ਹੈ। ਕਈ ਕਲਾਕਾਰ ਇਸ ਰਾਗ ਦੇ ਆਰੋਹ ਵਿਚ ਨਿਸ਼ਾਦ ਸਵਰ ਦਾ ਵਕਰ ਪ੍ਰਯੋਗ ਕਰਦੇ ਹਨ, ਜਿਸ ਨਾਲ ਇਸ ਦੀ ਜਾਤੀ ਸ਼ਾੜਵ-ਸ਼ਾੜਵ ਹੋ ਜਾਂਦੀ ਹੈ। ਕਰਨਾਟਕ ਸੰਗੀਤ ਪੱਧਤੀ ਵਿਚ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ:

| | | | | | | | |
|---|---|---|---|---|---|---|---|
| ਆਰੋਹ : | ਸ | ਰਿ2 | ਮ2 | ਪ | ਧ2 | ਸਂ | |
| ਅਵਰੋਹ: | ਸਂ | ਧ2 | ਪ | ਮ2 | ਰਿ2 | ਸ | |

ਹਿਦੁਸਤਾਨੀ ਸਵਰ ਲਿਪੀ ਪੱਧਤੀ ਵਿਚ ਇਹ ਸਵਰ ਇਸ ਪ੍ਰਕਾਰ ਹਨ:

| | | | | | | | |
|---|---|---|---|---|---|---|---|
| ਆਰੋਹ: | ਸ | ਰੇ | ਮ | ਪ | ਧ | ਸਂ | |
| ਅਵਰੋਹ: | ਸਂ | ਨੀ਼ | ਧ | ਪ | ਮ | ਰੇ | ਸ |

9. ਨਰਾਇਣੀ : ਇਹ ਰਾਗ 28ਵੇਂ ਮੇਲ ਕਰਤਾ ਹਰਿਕਾਂਬੋਜੀ ਦੇ ਅੰਤਰਗਤ ਹੈ। ਹਿੰਦੁਸਤਾਨੀ ਸੰਗੀਤ ਵਿਚ ਖਮਾਜ ਥਾਟ ਦੇ ਅੰਤਰਗਤ ਹੈ। ਆਰੋਹ ਵਿਚ ਗੰਧਾਰ ਤੇ ਨਿਸ਼ਾਦ ਵਰਜਤ ਹਨ ਅਤੇ ਅਵਰੋਹ ਵਿਚ ਗੰਧਾਰ ਵਰਜਤ ਹੈ। ਇਸ ਤਰ੍ਹਾਂ ਇਸ ਦੀ ਜਾਤੀ ਔੜਵ-ਸ਼ਾੜਵ ਹੈ। ਕਰਨਾਟਕ ਸੰਗੀਤ ਪੱਧਤੀ ਵਿਚ ਇਸ ਰਾਗ ਦਾ ਆਰੋਹ ਅਵਰੋਹ ਇਸ ਪ੍ਰਕਾਰ ਹੈ:

| | | | | | | | |
|---|---|---|---|---|---|---|---|
| ਆਰੋਹ: | ਸ | ਰਿ2 | ਮ | ਪ | ਧ2 | ਸਂ | |
| ਅਵਰੋਹ: | ਸਂ | ਨਿ2 | ਧ2 | ਪ | ਮ | ਰਿ2 | ਸ |

ਹਿੰਦੁਸਤਾਨੀ ਸਵਰ ਲਿਪੀ ਪੱਧਤੀ ਵਿਚ ਇਸ ਸਵਰ ਇਸ ਪ੍ਰਕਾਰ ਹਨ:

| | | | | | | | |
|---|---|---|---|---|---|---|---|
| ਆਰੋਹ: | ਸ | ਰੇ | ਮ | ਪ | ਧ | ਸਂ | |
| ਅਵਰੋਹ | ਸਂ | ਨੀ਼ | ਧ | ਪ | ਮ | ਰੇ | ਸ |

ਉਪਰੋਕਤ ਰਾਗਾਂ ਤੋਂ ਇਲਾਵਾ ਲਲਿਤ ਪੰਚਮ, ਸਿਮਹੇਂਦਰ ਮਧਿਅਮ ਅਤੇ ਗੋਪਿਕਾ ਬਸੰਤ ਜਿਹੇ ਘੱਟ ਪ੍ਰਚਲਤ ਰਾਗ ਵੀ ਹਨ ਜੋ ਕਰਨਾਟਕ ਸੰਗੀਤ ਤੋਂ ਹਿੰਦੁਤਾਨੀ ਸੰਗੀਤ ਪੱਧਤੀ ਵਿਚ ਅਪਣਾਏ ਗਏ ਹਨ।

ਸੰਦਰਭ :


1. Dr. Nookala Chinra Satyanarayana, The Science of Music, Hi-Tech Printers Hyderabad.
2. ਸ਼ਸ਼ੀ ਨਰੂਲਾ, ਪੰਡਿਤ ਰਵੀ ਸ਼ੰਕਰ ਕਾ ਭਾਰਤੀਯ ਸੰਗੀਤ ਮੇਂ ਯੋਗਦਾਨ, ਨਵੀਂ ਦਿੱਲੀ ਯੂਨੀਵਰਸਿਟੀ, ਦਿੱਲੀ।
3. ਪੰਡਿਤ ਮਾਣਿਕਬੂਵਾ ਠਾਕੁਰਦਾਸ, ਰਾਗ ਦਰਸ਼ਨ (ਦੂਸਰਾ ਭਾਗ), ਕ੍ਰਿਸ਼ਨਾ ਬ੍ਰਦਰਜ਼, ਅਜਮੇਰ।
4. ਡਾ. ਚਮਨ ਲਾਲ ਵਰਮਾ, ਰਾਗ ਤਰੰਗ, ਕਨਿਸ਼ਕ ਪਬਲੀਸ਼ਰਜ਼ ਨਵੀਂ ਦਿੱਲੀ।
5. ਸ੍ਰੀ ਗੁਰੂ ਗ੍ਰੰਥ ਸਾਹਿਬ।


ਖੋਜਾਰਥੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੋਬਾਇਲ : 098550 31968

# ਭਾਈ ਰਣਧੀਰ ਸਿੰਘ ਜੀ ਦਾ ਕੀਰਤਨ ਮਨੋਰਥ ਅਤੇ ਕੀਰਤਨ ਜੁਗਤ

**ਡਾ. ਜਾਗੀਰ ਸਿੰਘ**

ਸਿਖ ਜਗਤ ਵਿੱਚ ਭਾਈ ਰਣਧੀਰ ਸਿੰਘ ਜੀ ਦਾ ਨਾਮ ਅਖੰਡ ਕੀਰਤਨੀ ਜਥੇ ਦੇ ਸੰਸਥਾਪਕ ਵਜੋਂ ਪ੍ਰਸਿੱਧ ਹੈ। ਭਾਈ ਸਾਹਿਬ ਨੇ ਇਸ ਤਰ੍ਹਾਂ ਕੀਰਤਨ ਕੀਤਾ ਕਿ ਆਪ ਦਾ ਕੀਰਤਨ ਕਰਨ ਦਾ ਢੰਗ-ਤਰੀਕਾ ਇੱਕ ਵਖਰੀ ਕੀਰਤਨ ਪ੍ਰਣਾਲੀ ਵਜੋਂ ਪ੍ਰਸਿੱਧ ਹੋ ਗਿਆ। ਭਾਈ ਸਾਹਿਬ ਇੱਕ ਨਿਵੇਕਲੇ ਸਾਹਿਤਕਾਰ ਵੀ ਸਨ। ਉਹਨਾਂ ਦੀਆਂ ਪੁਸਤਕਾਂ ਜੇਲ੍ਹ ਚਿੱਠੀਆਂ, ਰੰਗਲੇ ਸੱਜਣ ਆਦਿ ਇੱਕ ਸੰਗੀਤਮਈ ਸ਼ੈਲੀ ਵਿੱਚ ਲਿਖੀਆਂ ਗਈਆਂ ਹਨ। ਅਤੇ ਇਹਨਾਂ ਨੂੰ ਅਜੇ ਤੱਕ ਵੀ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਪੜ੍ਹਿਆ ਜਾਂਦਾ ਹੈ। ਉਹਨਾਂ ਨੂੰ ਸਿੱਖ ਜਗਤ ਵਿੱਚ ਬੜਾ ਉੱਚਾ ਦਰਜਾ ਹਾਸਲ ਹੈ।

ਭਾਈ ਰਣਧੀਰ ਸਿੰਘ ਜੀ ਦਾ ਜਨਮ ਸੰਨ 1878ਨੂੰ ਪਿੰਡ ਨਾਰੰਗਵਾਲ ਜਿਲ੍ਹਾ ਲੁਧਿਆਣਾ ਵਿਖੇ ਹੋਇਆ ਸੀ। ਆਪਦੇ ਪਿਤਾ ਸ੍ਰ. ਨੱਥਾ ਸਿੰਘ ਪੰਜਾਬੀ, ਫਾਰਸੀ, ਉਰਦੂ ਅਤੇ ਅੰਗਰੇਜ਼ੀ ਦੇ ਵਿਦਵਾਨ ਸਨ। ਆਪ ਜ਼ਿਲ੍ਹਾ ਸਿੱਖਿਆ ਇੰਸਪੈਕਟਰ ਆਫ ਸਕੂਲਸ ਅਤੇ ਨਾਭਾ ਸਟੇਟ ਦੇ ਹਾਈ ਕੋਰਟ ਦੇ ਜੱਜ ਦੇ ਅਹੁਦੇ ਤੇ ਵੀ ਰਹੇ। ਆਪਦੀ ਮਾਤਾ ਸਰਦਾਰਨੀ ਪੰਜਾਬ ਕੌਰ ਗੁਰੂ ਹਰਿਗੋਬਿੰਦ ਜੀ ਦੇ ਅਨਿੰਨ ਸ਼ਰਧਾਲੂ ਭਾਈ ਭਗਤੂ ਦੀ ਸਤਵੀਂ ਪੀੜ੍ਹੀ ਵਿੱਚੋਂ ਸਨ। ਭਾਈ ਸਾਹਿਬ ਦੀ ਮੁੱਢਲੀ ਸਿੱਖਿਆ ਨਾਭਾ ਦੇ ਸਕੂਲ ਅਤੇ ਕਾਲਜ ਦੀ ਪੜ੍ਹਾਈ ਲਾਹੌਰ ਦੇ ਕਾਲਜਾਂ ਵਿੱਚ ਹੋਈ। ਆਪ ਇੱਕ ਹੋਣਹਾਰ ਵਿਦਿਆਰਥੀ ਹੋਣ ਦੇ ਨਾਲ ਨਾਲ ਚੰਗੇ ਖਿਡਾਰੀ ਵੀ ਸਨ।

ਭਾਈ ਰਣਧੀਰ ਸਿੰਘ ਜੀ ਦੇ ਉਦੈ ਹੋਣ ਸਮੇਂ ਸਿਖ ਸਮਾਜ ਇੱਕ ਸੰਕ੍ਰਾਂਤੀ ਕਾਲ ਵਿੱਚੋਂ ਲੰਘ ਰਿਹਾ ਸੀ। ਦੇਸ ਵਿੱਚ ਉਦੋਂ ਅਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ। ਇਸ ਦੇ ਨਾਲ ਨਾਲ ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ ਦਾ ਵੀ ਬੋਲ ਬਾਲਾ ਸੀ। ਭਾਈ ਸਾਹਿਬ ਸਿੱਖੀ ਸਿਧਾਂਤਾਂ ਨਾਲ ਓਤਪੋਤ ਸਨ। ਉਹਨਾਂ ਵਿੱਚ ਇਹਨਾਂ ਸਿਧਾਂਤਾਂ ਅਤੇ ਸਿੱਖ ਜੀਵਨ ਰਹਿਣੀ ਬਹਿਣੀ ਦੀ ਪ੍ਰਪੱਕਤਾ ਕਾਇਮ ਨੂੰ ਰੱਖਣ ਲਈ ਜਨੂੰਨ ਦੀ ਹੱਦ ਤੱਕ ਦਾ ਜਜ਼ਬਾ ਸੀ। ਉਹਨਾਂ ਨੇ ਇਸ ਜਜ਼ਬੇ ਅਤੇ ਸਿੱਖ ਰਹਿਣੀ ਬਹਿਣੀ ਦੀ ਵਿਲੱਖਣਤਾ ਨੂੰ ਇੱਕ ਸ਼ਸਤਰ ਵਜੋਂ ਪ੍ਰਯੋਗ ਕੀਤਾ। ਜੇਲ੍ਹ ਚਿੱਠੀਆਂ ਵਿੱਚ ਉਹਨਾਂ ਦੇ ਸੰਘਰਸ਼ ਤੋਂ ਇੱਸ ਗੱਲ ਦਾ ਭਲੀਭਾਂਤ ਪਤਾ ਲੱਗਦਾ ਹੈ।

ਉਸ ਸਮੇਂ ਸਥਾਪਤ ਗੁਰਦੁਆਰਾ ਸਾਹਿਬਾਨ ਵਿੱਚ ਕੀਰਤਨ ਹੁੰਦਾ ਸੀ। ਕੀਰਤਨ ਕਰਨ ਵਾਲੇ ਕੀਰਤਨੀਆਂ ਦੀ ਉਪਜੀਵਕਾ ਸਾਧਨ ਵੀ ਕੀਰਤਨ ਸੀ। ਇਸ ਲਈ ਇਹ ਕੀਰਤਨ ਗੁਰਦੁਆਰਾ

ਸਾਹਿਬਾਨ ਦੇ ਪ੍ਰਬਧਕਾਂ ਨੂੰ ਹੀ ਕਾਇਮ ਰੱਖਣ ਵਿੱਚ ਸਹਾਈ ਹੋ ਰਿਹਾ ਸੀ।ਗੁਰਦੁਆਰਾ ਸਾਹਿਬਾਨ ਵਿੱਚ ਉਸ ਸਮੇਂ ਸਿੱਖ ਮਰਯਾਦਾ ਦਾ ਉਲੰਘਣ ਹੋ ਰਿਹਾ ਸੀ ਜਿਸ ਦੇ ਵਿਰੁੱਧ ਗੁਰਦੁਆਰਾ ਸੁਧਾਰ ਲਹਿਰ ਚਲਾਈ ਜਾ ਰਹੀ ਸੀ। ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਮਰਯਾਦਾ--

ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ

ਅਨੁਸਾਰ ਪਿੰਡ ਪਿੰਡ ਅਤੇ ਘਰਿ ਘਰਿ ਵਿੱਚ ਕੀਰਤਨ ਪ੍ਰਵਾਹ ਚਲਾ ਦਿੱਤਾ। ਇਸ ਲਹਿਰ ਵਿੱਚ ਸ਼ਾਮਲ ਕੀਰਤਨੀਏ ਭਾਵੇਂ ਸੰਗੀਤ ਕਲਾ ਵਿੱਚ ਪ੍ਰਪੱਕ ਨਹੀਂ ਸੀ ਪਰ ਉਹ ਗੁਰਮਤਿ ਰਹਿਣੀ ਵਿੱਚ ਪ੍ਰਪੱਕ ਸਨ। ਫਿਰ ਉਹਨਾਂ ਦਾ ਮਨੋਰਥ ਦੇਸ ਦੀ ਅਜ਼ਾਦੀ ਅਤੇ ਸਮਾਜ ਦਾ ਸੁਧਾਰ ਸੀ।ਉਹ ਕੀਰਤਨ ਨੂੰ ਇਨਕਲਾਬ ਦੀ ਇਕ ਜੁਗਤ ਵਜੋਂ ਪ੍ਰਯੋਗ ਕਰਦੇ ਸਨ।

ਭਾਈ ਰਣਧੀਰ ਸਿੰਘ ਨੇ ਗੁਰਮਤਿ ਦੇ ਅਧਿਐਨ ਰਾਹੀਂ ਜਦੋਂ ਕੀਰਤਨ ਦੀ ਮਹੱਤਤਾ ਅਨੁਭਵ ਕੀਤੀ ਤਾਂ ਆਪ ਨੇ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਗੁਰਬਾਣੀ ਦਾ ਕੀਰਤਨ ਕਰਨਾ ਅਰੰਭ ਕਰ ਦਿੱਤਾ।ਸਮਾਂ ਪਾ ਕੇ ਕੀਰਤਨ ਆਪ ਦਾ ਜੀਵਨ ਆਧਾਰ ਬਣ ਗਿਆ ਅਤੇ ਆਪ ਦਿਨ ਰਾਤ ਕੀਰਤਨ ਦੇ ਅਨੰਦਮਈ ਵਾਯੂਮੰਡਲ ਵਿੱਚ ਵਿਚਰਨ ਲੱਗੇ। ਕੀਰਤਨ ਦੇ ਪ੍ਰਭਾਵ ਕਾਰਨ ਕਈ ਸਰੋਤੇ ਆਪ ਦੇ ਅਨਿੰਨ ਪ੍ਰੇਮੀ ਬਣ ਗਏ। ਸਹਿਜੇ ਸਹਿਜੇ ਇੱਕ ਕੀਰਤਨੀ ਜਥਾ ਤਿਆਰ ਹੋ ਗਿਆ ਜੋ ਪਿੱਛੋਂ ਆ ਕੇ ਅਖੰਡ ਕੀਰਤਨੀ ਜਥੇ ਦੇ ਨਾਮ ਨਾਲ ਪ੍ਰਸਿੱਧ ਹੋਇਆ।ਬਾਅਦ ਵਿੱਚ ਇਹ ਜਥਾ ਇੱਕ ਸੁਚੱਜੀ ਸੰਸਥਾ ਦਾ ਰੂਪ ਧਾਰਨ ਕਰ ਗਿਆ।

ਭਾਈ ਸਾਹਿਬ ਨੇ ਅੰਮ੍ਰਿਤ ਛਕਣ ਤੋਂ ਬਾਅਦ ਲਗਭਗ 1901 ਵਿੱਚ ਆਪਣਾ ਕੀਰਤਨੀ ਜਥਾ ਬਣਾ ਕੇ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ।ਆਪ ਜੇਲ੍ਹ ਚਿੱਠੀਆਂ ਵਿੱਚ ਲਿਖਦੇ ਹਨ-

ਪਿੰਡ ਨਾਰੰਗਵਾਲ ਵਿੱਚ ਹੀ ਸ਼ਬਦੀ ਜਥਾ ਸੋਹਣੇ ਰੰਗ ਵਿੱਜ ਸਜ ਗਿਆ ਸੀ। ਚਾਹੇ ਪਿੰਡ ਵਿੱਚ ਕਈ ਸਿੰਘ ਸਜ ਗਏ ਸਨ ਅਤੇ ਕਈ ਘਰਾਣੇ ਖਾਲਸਾ ਧਰਮ ਦੇ ਧਾਰਨੀ ਹੋ ਗਏ ਸਨ, ਪਰੰਤੂ ਪੂਰੀ ਰਹਿਤ ਅਨੁਸਾਰ ਬਿਬੇਕੀ ਜੀਵਨ ਵਾਲੇ ਵਿਰਲੇ ਹੀ ਸਨ। ਇਹਨਾਂ ਦੇ ਸੰਗ ਸਾਥ ਮਿਲਕੇ ਹੀ ਪਿੰਡ ਵਿੱਚ ਕੀਰਤਨ ਦਾ ਅੰਨਦ ਲੈਂਦੇ ਅਤੇ ਬਾਹਰ ਦੀਵਾਨਾਂ ਉੱਪਰ ਵੀ ਜਾਂਦੇ ਸਾਂ। ਪਿੰਡ ਨਾਰੰਗਵਾਲ ਵਿੱਚ ਉਪਰੋਂ ਥਲੀ ਕਈ ਦੀਵਾਨ ਕੀਤੇ ਅਤੇ ਸ਼ਬਦੀ ਜਥਾ ਤਕੜੀਆਂ ਲਹਿਰਾਂ ਵਿੱਚ ਹੋ ਗਿਆ।(ਜੇਲ੍ਹ ਚਿੱਠੀਆਂ, ਪੰਨਾ 40)

ਭਾਈ ਸਾਹਿਬ ਜਦ ਕੀਰਤਨ ਕਰਦੇ ਤਾਂ ਇੱਕੋ ਚੌਂਕੜੇ ਵਿੱਚ ਪੰਜ-ਪੰਜ ਛੇ-ਛੇ ਘੰਟੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਦੇ ਖੁਦ ਕੀਰਤਨ ਵਿੱਚ ਕੀਰਤਨ ਰੂਪ ਹੋ ਜਾਂਦੇ ਸਨ। ਇਸ ਨਾਲ ਸੰਗਤ ਵਿੱਚ ਬੈਠੀਆਂ ਪ੍ਰੇਮੀ ਰੂਹਾਂ ਦੀ ਸੁਰਤਿ ਕੀਲੀ ਜਾਂਦੀ ਸੀ।---

ਆਪ ਪੂਰਾ ਤਾਣ ਲਾ ਕੇ ਕੀਰਤਨ ਕਰਦੇ ਸਨ। ਇੱਕ ਇਕ ਤੁਕ ਨੂੰ ਬੜੇ ਪਿਆਰ ਨਾਲ ਕਈ ਕਈ ਵਾਰ ਉਚਾਰਦੇ ਸਨ ਇਸ ਨਾਲ ਸਰੋਤਿਆਂ ਉੱਪਰ ਵਿਸਮਾਦੀ ਪ੍ਰਭਾਵ ਪੈਂਦਾ ਸੀ।ਕਈ ਸਰੋਤਿਆਂ ਦੇ ਤਾਂ ਵੈਰਾਗ

ਵਿੱਚ ਨੇਤ੍ਰ ਸੇਜਲ ਹੋ ਜਾਂਦੇ ਸਨ।

ਉਸ ਵੇਲੇ ਦੇ ਕਈ ਰਾਗੀ ਜਿਹੜੇ ਸੰਗੀਤ ਕਲਾ ਦੇ ਮਾਹਿਰ ਸਨ ਉਹ ਆਪਣੀ ਸੰਗੀਤ ਕਲਾ ਦੇ ਵਿਖਾਵੇ ਲਈ ਗੁਰਬਾਣੀ ਕੀਰਤਨ ਕਰਦੇ ਸਨ।ਐਸੇ ਕੀਰਤਨ ਬਾਰੇ ਗੁਰਬਾਣੀ ਵਿੱਚ ਫਰਮਾਨ ਹੈ–

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ॥

ਜਿਨਾ ਅੰਦਰਿ ਕਪਟ ਵਿਕਾਰ ਹੈ ਤਿਨਾ ਰੋਇ ਕਿਆ ਕੀਜੈ॥

ਪਰ ਭਾਈ ਸਾਹਿਬ ਨੇ ਕੀਰਤਨ ਨੂੰ ਨਾਮ ਅਭਿਆਸ ਕਮਾਈ ਦਾ ਇੱਕ ਸਾਧਨ ਸਮਝਿਆ। ਉਸ ਸਮੇਂ ਗੁਰਸਿੱਖੀ ਨਾਲ ਪ੍ਰੇਮ ਤੇ ਲਗਾਉ ਤੋਂ ਬਿਨਾ ਪਸਰ ਰਹੀ ਕੀਰਤਨ ਅਤੇ ਰਾਗ ਵਿੱਦਿਆ ਬਾਰੇ ਆਪ ਦਾ ਵਿਚਾਰ ਸੀ–

ਹਰਿ ਕੀਰਤਨ ਦੀ ਪ੍ਰੇਮਾ ਭਗਤੀ ਛੱਡ ਕੇ ਕੇਵਲ ਰਾਗਾਂ ਪਿੱਛੇ ਹੀ ਰੀਝਣਾ ਗੁਰਮਤਿ ਦੇ ਪ੍ਰਤੀਕੂਲ ਹੈ। ਰਾਗ ਪ੍ਰਬੀਨਤਾ ਜਿਸਨੇ ਪ੍ਰਾਪਤ ਕਰਨੀ ਹੋਵੇ, ਸੋ ਪਿਆ ਕਰੇ ਪਰ ਹਰਿ ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਣ ਵਿੱਚ ਖਚਤ ਹੋਣਾ ਐਸਾ ਹੀ ਹਾਨੀਕਾਰਕ ਜਾਣਦੇ ਹਨ, ਜੈਸਾ ਕਿ ਵਿੱਦਿਆ ਦੇ ਸ਼ੌਕੀਨ ਨੂੰ ਪ੍ਰਾਚੀਨ ਸਮੇਂ ਅਨਮਤ ਵਿੱਦਿਆ ਘੋਖਣ ਨਮਿਤ ਕਾਸ਼ੀ ਜਾ ਕੇ ਵਿੱਦਿਆ ਅਤਿ ਮਹਿੰਗੀ ਪਈ। ਵਿੱਦਿਆ ਘੋਖਣ ਗਏ ਵਿੱਦਿਆ ਨੇ ਹੀ ਗ੍ਰਸ ਲਏ ਅਤੇ ਸੰਸਕ੍ਰਿਤ ਆਦਿਕ ਵਿੱਦਿਆ ਦੇ ਅਭਿਮਾਨੀ ਹੋ ਕੇ ਕੁਪੀ ਵਿੱਚ ਰੋੜ ਖੜਕਾਉਣ ਜੋਗੇ ਰਹਿ ਗਏ। ਗੁਰਮਤਿ ਦੇ ਤਤਸਾਰ ਅਭਿਆਸ ਤੋਂ ਨਿਰੋਲ ਸੱਖਣੇ ਰਹਿ ਗਏ, ਮਾਨੋ ਉਕਤ ਵਿੱਦਿਆ ਅਵਿੱਦਿਆ ਹੋ ਕੇ ਚਿਮੜ ਗਈ। ਏਸੇ ਪ੍ਰਕਾਰ ਪ੍ਰੇਮਾ ਭਗਤੀ ਤੋਂ ਸੱਖਣੀ ਨਿਰੀ ਰਾਗ ਵਿੱਦਿਆ ਰੋਗ ਰੂਪ ਹੈ ਜੋ ਰਾਗ ਅਭਿਮਾਨੀ ਬਣਾ ਦਿੰਦੀ ਹੈ ਅਤੇ ਰਾਗ ਅਨੁਰਾਗੀ ਰੋਗੀਆਂ ਨੂੰ ਕਲਿਆਣ ਮਾਰਗ ਤੋਂ ਬਹੁਤ ਪਰੇਡੇ ਰਖਦੀ ਹੈ।(ਗੁਰਮਤਿ ਲੇਖ ਪੰਨਾ 120)

ਆਮ ਕਰਕੇ ਭਾਈ ਸਾਹਿਬ ਦਾ ਕੀਰਤਨ ਪ੍ਰੇਮਾ ਭਗਤੀ ਨਾਲ ਭਰਪੂਰ ਹੁੰਦਾ ਸੀ। ਉਹ ਅਜਿਹੇ ਵਲਵਲਿਆਂ ਦਾ ਸੰਚਾਰ ਸਰੋਤਿਆਂ ਅੰਦਰ ਬਾਖੂਬੀ ਕਰ ਦਿੰਦੇ ਸਨ। ਉਹਨਾਂ ਦੇ ਕੀਰਤਨ ਦੀ ਸ਼ੈਲੀ ਸੁਗਮ ਹੋਣ ਕਾਰਨ ਸਾਰੀਆਂ ਸੰਗਤਾਂ ਅਜਿਹਾ ਕੀਰਤਨ ਕਰਨ ਵਿੱਚ ਸ਼ਾਮਲ ਹੋ ਜਾਂਦੀਆਂ ਸਨ।ਆਪ ਰਾਗ ਨਾਲੋਂ ਗੁਰਬਾਣੀ ਨੂੰ ਵਧੇਰੇ ਤਰਜੀਹ ਦਿੰਦੇ ਸਨ ਆਪ ਦਾ ਵਿਚਾਰ ਸੀ– –

ਪ੍ਰੇਮਾ ਭਗਤੀ ਦੇ ਰੰਗਾਂ ਵਿੱਚ ਵਾਹਿਗੁਰੂ ਨਿਰੰਕਾਰ ਦੇ ਗੁਣ ਗਾਉਣਹਾਰੇ ਗੁਰੂ ਨਿਵਾਜੇ ਗੁਰਮੁਖਾਂ ਦੇ ਅੱਗੇ ਪਿੱਛੇ ਰਾਗ ਨਾਦ ਹੱਥ ਬੰਨੀ ਫਿਰਦੇ ਹਨ। ਜਦ ਰੱਬੀ ਰੰਗਾਂ ਵਿੱਚ ਆਈਦਾ ਹੈ ਤਾਂ ਅਜਗੈਬੀ ਰਾਗ ਆਪੇ ਹੀ ਸਫਰਨ ਹੁੰਦੇ ਹਨ। (ਗੁਰਮਤਿ ਲੇਖ, ਪੰਨਾ 117) ਆਪ ਦੀਆਂ ਕੀਰਤਨ ਰੀਤਾਂ ਸ਼ਬਦ ਦੇ ਭਾਵ ਅਨੁਸਾਰ ਹੁੰਦੀਆਂ ਸਨ ਜੇ ਸ਼ਬਦ ਵੈਰਾਗ ਦਾ ਹੁੰਦਾ ਤਾਂ ਗਾਇਨ ਰੀਤ ਵੈਰਾਗ ਭਰਪੂਰ ਹੁੰਦੀ ਸੀ। ਇਹ ਰੀਤਾਂ ਭਾਵੇਂ ਨਿਰਧਾਰਿਤ ਰਾਗ ਤੇ ਨਹੀਂ ਸੀ ਹੁੰਦੀਆਂ ਪਰ ਕਿਸੇ ਨਾ ਕਿਸੇ ਰਾਗ ਦੀ ਝਲਕ ਆਪਣੇ ਆਪ ਹੀ ਮਿਲਣ ਲਗਦੀ ਸੀ। ਆਪ ਸਮਝਦੇ ਸਨ ਕਿ ਸ਼ਬਦ–ਤਰੰਗੀ ਰਸ ਜੋਤਿ ਵਿਗਾਸੀ ਮਨਾਂ ਦੇ ਰੋਮ ਰੋਮ ਅੰਦਰ ਹੀ ਹਰਿ ਕੀਰਤਨ ਦਾ ਸੋਮਾ ਫੁਟ ਪੈਂਦਾ ਹੈ। ਜਦ ਕੀਰਤਨ ਧੁਰ ਅੰਦਰੋਂ ਨਿਕਲਦਾ ਹੈ ਤਾਂ ਇਹ ਆਪਣੇ ਆਪ ਹੀ ਰਾਗ ਬੱਧ ਹੋ ਜਾਂਦਾ ਹੈ।

ਆਪ ਹਰਿ ਕੀਰਤਨ ਨਿਬੰਧ ਵਿੱਚ ਇੱਕ ਹੱਡ ਬੀਤੀ ਬਿਆਨ ਕਰਦੇ ਹਨ–

--------ਇੱਕ ਵਾਰ ਦਾ ਜ਼ਿਕਰ ਹੈ ਅਸੀਂ ਪਿੰਡ ਧਾਂਦਰੇ ਜਿਲਾ ਲੁਧਿਆਣਾ ਵਿਖੇ ਕੀਰਤਨ ਵਿਚ ਮਸਤ ਹੋਏ ਪਏ ਸਾਂ ਕਿ ਇਕ ਸੂਰਮਾਂ ਸਿੰਘ ਕਿਧਰੋਂ ਆ ਕੇ ਜੋੜੀ ਵਜਾਉਣ ਲੱਗ ਪਿਆ। ਅਸੀਂ ਉਸ ਵੇਲੇ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਾਂ ਅਤੇ ਹੁਣ ਵੀ ਇਵੇਂ ਹੀ ਸਾਰਦੇ ਹਾਂ। ਰਾਗ ਦੇ ਘਰ ਦੀ ਸਾਨੂੰ ਕੋਈ ਸੂਝ ਨਹੀਂ ਸੀ। ਕੀਰਤਨ ਦੇ ਬਾਲ ਸੁਭਾਵੀ ਚਾਵ੍ਹ ਵਿੱਚ ਗੁਰਬਾਣੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ। ਗੁਰੂ ਦੀ ਕਿਰਪਾ ਦੁਆਰਾ ਇਹ ਜ਼ਰੂਰ ਮਹਿਸੂਸ ਹੋ ਜਾਂਦਾ ਕਿ ਕੀਰਤਨ ਦਾ ਰਸ ਬਝ ਗਿਆ ਹੈ। ਜਦ ਰਾਗ ਪ੍ਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ ਤਾਂ ਖੂਬ ਕੀਰਤਨ ਹੋਇਆ। ਉਸ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ ਜਦ ਉਸ ਨੇ ਜਥੇ ਨੂੰ ਸੁਰਤਾਲ ਦੇ ਪੂਰੇ ਦੇਖਿਆ। ਕੀਰਤਨ ਸਮਾਪਤ ਹੋਣ ਉਪਰੰਤ ਉਸ ਨੇ ਇਕ ਰਾਗ ਦੇ ਜਾਣੂ ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਰਨੀ ਅਰੰਭੀ। ਬੜੀ ਹੈਰਾਨ ਕਰਨ ਵਾਲੀ ਗੱਲ ਉਸ ਨੇ ਇਹ ਕਹੀ ਕਿ ਰਾਗ ਵਿੱਦਿਆ ਦੇ ਹੰਕਾਰੀ ਕਈ ਰਾਗੀਆਂ ਤੋਂ ਇਹ ਸੁਣਿਆ ਸੀ ਕਿ ਇਹ ਜਥਾ ਸੰਘ ਪਾੜਨਾ ਹੀ ਜਾਣਦਾ ਹੈ, ਰਾਗ ਦੇ ਘਰ ਦੀ ਇਹਨਾਂ ਨੂੰ ਕੋਈ ਸੂਝ ਬੂਝ ਨਹੀਂ। ਪਰ ਅੱਜ ਬਿਲਾਵਲ ਰਾਗ ਦੇ ਸ਼ਬਦ ਬਿਲਾਵਲ ਰਾਗ ਦੇ ਤੁੰਗ-ਤਰਾਨਿਆਂ ਵਿੱਚ ਇਸ ਜਥੇ ਨੂੰ ਸੁਣ ਕੇ ਉਹ ਅਨੰਦ ਆਇਆ, ਜਿਹੜਾ ਅੱਗੇ ਕਦੇ ਨਹੀਂ ਆਇਆ। ਇਹ ਸੁਣ ਕੇ ਅਸੀਂ ਮਨ ਹੀ ਮਨ ਅੰਦਰ ਹੱਸੇ ਕਿ ਸਾਨੂੰ ਤਾਂ ਵੀ ਪਤਾ ਨਹੀਂ ਕਿ ਰਾਗ ਬਿਲਾਵਲ ਕਿਹੜਾ ਹੈ, ਕਿਵੇਂ ਤੇ ਕਿਸ ਵੇਲੇ ਗਾਈਦਾ ਹੈ।(ਗੁਰਮਤਿ ਲੇਖ-ਪੰਨਾ 118)

ਅੱਜ ਕਲ੍ਹ ਇਸ ਕੀਰਤਨੀ ਜਥੇ ਨਾਲ ਸਬੰਧਤ ਬਹੁਤੇ ਜਥੇ ਕੀਰਤਨ ਕਰਦਿਆਂ ਗੁਰ ਮੰਤਰ ਵਾਹਿਗੁਰੂ ਦਾ ਜਾਪ ਕੁਝ ਵਧੇਰੇ ਹੀ ਕਰਾਉਂਦੇ ਹਨ। ਕਈ ਜਥੇ ਪ੍ਰਮਾਣਾਂ ਤੇ ਬਹੁਤਾ ਜ਼ੋਰ ਲਗਾਉਂਦੇ ਹਨ। ਪਰ ਭਾਈ ਰਣਧੀਰ ਸਿੰਘ ਕੀਰਤਨ ਕਰਦਿਆਂ ਇੱਕ ਹੀ ਤੁੱਕ ਨੂੰ ਬੜੇ ਪਿਆਰ ਨਾਲ ਕਈ ਕਈ ਵਾਰ ਦੁਹਰਾਉਂਦੇ ਸਨ। ਉਹਨਾਂ ਦੀ ਕੀਰਤਨ ਵਿਧੀ ਬਾਰੇ ਪ੍ਰਿੰਸੀਪਲ ਗੁਰਮੁਖ ਸਿੰਘ ਦਾ ਵਿਚਾਰ ਹੈ ਕਿ ਨਾਮ ਸਿਮਰਨ ਅਤੇ ਪ੍ਰਮਾਣਾਂ ਵਾਲੀ ਵਿਧੀ ਭਾਈ ਮਹਿੰਦਰ ਸਿੰਘ ਐਸ. ਡੀ. ਓ. ਨੇ ਵਧੇਰੇ ਕਰ ਕੇ ਅਪਣਾਈ। ਆਪ ਅੰਖਡ ਕੀਰਤਨੀ ਜਥੇ ਦੇ ਮਾਸਿਕ ਪੱਤਰ ਸੂਰਾ ਵਿੱਚ ਲਿਖਦੇ ਹਨ– ਆਪ (ਭਾਈ ਰਣਧੀਰ ਸਿੰਘ ਜੀ) ਦੇ ਕੀਰਤਨ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਗੁਰਬਾਣੀ ਨੂੰ ਰਸਕ ਰਸਕ, ਰਸਾਅ ਰਸਾਅ ਕੇ ਪ੍ਰੇਮ ਨਾਲ ਗਾਇਨ ਕਰਦੇ ਸਨ। ਆਪ ਅਤੇ ਉਹਨਾਂ ਦੇ ਸਾਥੀ ਕੀਰਤਨ ਵਿੱਚ ਗੁਰਮੰਤ੍ਰ ਦੀ ਧੁਨੀ ਨਹੀਂ ਸੀ ਲਾਉਂਦੇ। ਕਿਤੇ ਕਿਤੇ ਉਹਨਾਂ ਦੇ ਮੁਖਾਰਬਿੰਦ ਤੋਂ ਗੁਰੂਗੁਰੂ ਦੀ ਆਵਾਜ਼ ਆਉਂਦੀ ਸੀ, ਪਰ ਉਹ ਕੀਰਤਨ ਅਖੰਡ ਕਰਦੇ ਸਨ। ਅੱਜ ਅਖੰਡ ਕੀਰਤਨੀ ਜਥੇ ਵਿੱਚ ਉਹਨਾਂ ਵੱਲੋਂ ਦਰਸਾਈ ਕੀਰਤਨ ਸ਼ੈਲੀ ਦਾ ਰੂਪ ਬਦਲ ਗਿਆ ਹੈ। ਅਜੋਕੇ ਕੀਰਤਨੀਏ ਇਹ ਸਮਝਦੇ ਹਨ ਕਿ ਕੀਰਤਨ ਭਾਵੇਂ ਅਖੰਡ ਹੋਵੇ ਜਾਂ ਨਾ, ਪਰ ਗੁਰਮੰਤ੍ਰ ਦਾ ਸੰਗਤੀ ਅਭਿਆਸ ਅਖੰਡ ਰੱਖਿਆ ਜਾਵੇ। ਉਹ ਆਪਣੇ ਕੀਰਤਨ ਵਿੱਚ ਅੱਧਾ ਸਮਾਂ ਵਾਹਿਗੁਰੂਵਾਹਿਗੁਰੂਦੇ ਜਾਪ ਉਪਰ ਹੀ ਲਾ ਦਿੰਦੇ ਹਨ। ਇਉਂ ਇਹ ਨਾ ਅਖੰਡ ਕੀਰਤਨ ਰਹਿੰਦਾ ਹੈ ਤੇ ਨਾ ਹੀ ਅਖੰਡ ਅਭਿਆਸ। ਭਾਈ ਸਾਹਿਬ ਨਿਰੋਲ ਗੁਰਬਾਣੀ ਦਾ ਅਖੰਡ ਕੀਰਤਨ ਹੀ ਕਰਦੇ ਸਨ। ਸੰਗਤੀ ਅਭਿਆਸ ਦਾ ਰਿਵਾਜ 196● ਤੋਂ ਬਾਅਦ ਅਰੰਭ ਹੋਇਆ ਜੋ ਅੱਗੇ ਤੋਂ ਜ਼ੋਰ ਫੜ ਗਿਆ।(ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਕੀਰਤਨ ਸ਼ੈਲੀ, ਸੂਰਾ, ਜੁਲਾਈ 1996 ਪੰਨਾ 38)

ਇਸ ਤਰ੍ਹਾਂ ਭਾਈ ਸਾਹਿਬ ਨੇ ਸਾਰੀ ਉਮਰ ਗੁਰਬਾਣੀ ਦੇ ਨਾਮ ਰੰਗ ਵਿੱਚ ਆਪਣੇ ਆਪ ਨੂੰ ਰੰਗ ਕੇ ਇਲਾਹੀ ਬਾਣੀ ਦਾ ਨਿਰਬਾਣ ਕੀਰਤਨ ਕੀਤਾ। ਡਾ. ਗੁਲਜਾਰ ਸਿੰਘ ਕੰਗ ਲਿਖਦੇ ਹਨ– ਸਮੁੱਚੇ ਰੂਪ ਵਿੱਚ ਵੇਖਿਆ ਜਾਵੇ ਤਾਂ ਭਾਈ ਸਾਹਿਬ ਕੀਰਤਨ ਨੂੰ ਪ੍ਰਭੂ ਮਿਲਾਪ ਦਾ ਸਾਧਨ ਅਤੇ ਰੂਹ ਦੀ ਖ਼ੁਰਾਕ ਸਮਝਦੇ ਸਨ।ਅਖੰਡ ਕੀਰਤਨ ਦੀ ਇਸ ਪਰੰਪਰਾ ਰਾਹੀਂ ਹੀ ਆਪ ਨੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕੀਤਾ ।ਆਪ ਵੱਲੋਂ ਸਥਾਪਿਤ ਕੀਤੀ ਗਈ ਅਖੰਡ ਕੀਰਤਨੀ ਜਥੇ ਦੀ ਸੰਸਥਾ ਨੇ ਸਿੱਖੀ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦਾ ਇੱਕੋ ਇੱਕ ਮਨੋਰਥ ਗੁਰਸਿੱਖ ਪਰਿਵਾਰਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾ ਕੇ ਨਾਮ ਜਪਣ ਲਈ ਪ੍ਰੇਰਿਤ ਕਰਨਾ ਹੈ। ----ਇਹ ਜਥਾ ਅਜੋਕੇ ਸਮੇਂ ਵਿੱਚ ਭਾਵੇਂ ਫੁੱਟ ਦਾ ਸ਼ਿਕਾਰ ਹੋ ਗਿਆ ਹੈ, ਪਰ ਸਿੱਖੀ ਦੇ ਪ੍ਰਚਾਰ ਪਾਸਾਰ ਲਈ ਇਹ ਹੁਣ ਵੀ ਤਤਪਰ ਹੈ ਅਤੇ ਦੇਸ ਪਰਦੇਸ ਵਿੱਚ ਸਿੱਖ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦੀ ਅਹਿਮ ਭੂਮਿਕਾਾ ਨਿਭਾਅ ਰਿਹਾ ਹੈ।(ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ ਪੰਨਾ–123)

ਹੁਣ ਇਸ ਜਥੇ ਨਾਲ ਸਬੰਧਤ ਕਈ ਸਿੰਘ ਵਿੱਚ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਦੀ ਸਾਂਭ ਸੰਭਾਲ ਲਈ ਜਤਨਸ਼ੀਲ ਹਨ। ਡਾ. ਗੁਰਨਾਮ ਸਿੰਘ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਿਸਟੀ ਪਟਿਆਲਾ ਦੀ ਪ੍ਰੇਰਨਾ ਨਾਲ ਕਨੇਡਾ ਵਿੱਖੇ ਰਹਿ ਰਹੇ ਮਾਸਟਰ ਉਜਾਗਰ ਸਿੰਘ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਪੰਜਾਬੀ ਯੂਨੀਵਰਿਸਟੀ ਵਿੱਚ ਭਾਈ ਰਣਧੀਰ ਸਿੰਘ ਔਨ ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਸਥਾਪਤ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਲਾਇਬ੍ਰੇਰੀ ਵਿੱਚ ਜਿਥੇ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਨੂੰ ਔਨ ਲਾਈਨ ਕੀਤਾ ਗਿਆ ਹੈ, ਉੱਥੇ ਗੁਰਮਤਿ ਸੰਗੀਤ ਨਾਲ ਸਬੰਧਤ ਪੁਸਤਕਾਂ ਵੀ ਹੁਣ ਘਰ ਬੈਠਿਆਂ ਕੰਪਿਊਟਰ ਰਾਹੀਂ ਵਾਚੀਆਂ ਜਾ ਸਕਦੀਆਂ ਹਨ ਅਤੇ ਟਕਸਾਲੀ ਕੀਰਤਨ ਨੈਟ ਰਾਹੀਂ ਸੁਣਿਆ ਜਾ ਸਕਦਾ ਹੈ।।

422, ਸੈਕਟਰ 15 ਏ, ਚੰਡੀਗੜ੍ਹ–16●●15, ਮੁਬਾਇਲ–●9814●5363●

Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਫਿਲਮੀ ਤਰਜਾਂ ਤੇ ਕੀਰਤਨ

## ਸੰਤੋਖ ਸਿੰਘ

ਗੁਰਮਤਿ ਦੇ ਧਾਰਨੀ ਸੱਜਣ ਫਿਲਮੀ ਤਰਜਾਂ ਤੇ ਕੀਰਤਨ ਕਰਨਾ ਗੁਰਮਤਿ ਦੀ ਵਿਚਾਰਧਾਰਾ ਦੇ ਵਿਰੁਧ ਸਮਝਦੇ ਹਨ। ਬਚਪਨ ਦੇ ਸਮੇ ਮੈਂ ਵੇਖਿਆ ਕਰਦਾ ਸਾਂ ਕਿ ਝੰਡੇ ਬੁੰਗੇ ਦੀ ਇਮਾਰਤ ਉਪਰ, ਸ੍ਰੀ ਦਰਬਾਰ ਸਾਹਿਬ ਜੀ ਦੇ ਪਾਸੇ ਵੱਲ ਇਕ ਸੂਚਨਾ ਬੋਰਡ ਲੱਗਿਆ ਹੋਇਆ ਹੁੰਦਾ ਸੀ। ਉਸ ਬੋਰਡ ਉਪਰ ਰਾਗੀ ਸਿੰਘਾਂ ਵਾਸਤੇ ਕੀਰਤਨ ਸਬੰਧ ਹਿਦਾਇਤਾਂ ਲਿਖੀਆਂ ਹੋਈਆਂ ਹੁੰਦੀਆਂ ਸਨ। ਉਹਨਾਂ ਹਿਦਾਇਤਾਂ ਵਿਚ ਇਕ ਇਹ ਵੀ ਸੀ ਕਿ ਫਿਲਮੀ ਟਿਊਨ ਅਤੇ ਗੀਤ ਉਪਰ ਕੀਰਤਨ ਨਹੀ ਕਰਨਾ। ਓਦੋਂ 'ਟਿਊਨ' ਸ਼ਬਦ ਦੀ ਸਮਝ ਨਾ ਹੋਣ ਕਰਕੇ, ਇਸ ਨੂੰ 'ਟੀਨ' ਨਾਲ਼ ਹੀ ਜੋੜ ਕੇ ਇਸ ਦੇ ਅਰਥ ਦਾ ਕੁਝ ਅਟਕਲਪੱਚੂ ਜਿਹਾ ਲਾਇਆ ਕਰਦਾ ਸਾਂ ਕਿ ਸ਼ਾਇਦ ਟੀਨ ਉਪਰ ਵਜਾ ਕੇ ਕੀਰਤਨ ਨਾ ਕਰਨ ਲਈ ਆਖਦੇ ਹੋਣ!

ਥੋਹੜਾ ਹੀ ਸਮਾ ਹੋਇਆ ਕਿ ਅੰਮ੍ਰਿਤਸਰ ਦੇ ਬੀ.ਬੀ.ਕੇ. ਬੀਬੀਆਂ ਦੇ ਕਾਲਜ ਵਿਚ, ਸ. ਜਸਦੇਵ ਸਿੰਘ ਜੱਸੋਵਾਲ ਦੇ ਜਨਮ ਦਿਨ ਤੇ ਉਹਨਾਂ ਦੇ ਸਨਮਾਨ ਹਿਤ, ਇਕ ਸਮਾਗਮ ਰਚਿਆ ਗਿਆ ਸੀ। ਓਥੇ ਇਕ ਬੁਲਾਰੇ ਨੇ ਸਾਹਿਤਕ ਰੰਗਣ ਵਾਲ਼ੇ ਲਹਿਜ਼ੇ ਵਿਚ ਇਕ ਗੱਲ ਬੜੀ ਵਧਾ ਕੇ ਕੀਤੀ ਕਿ ਅੱਜ ਸ੍ਰੀ ਦਰਬਾਰ ਸਾਹਿਬ ਜਾਈਏ ਤਾ ਪਤਾ ਨਹੀਂ ਲੱਗਦਾ ਕਿ ਓਥੇ ਗੁਰਸਿੱਖਾਂ ਦਾ ਪ੍ਰਬੰਧ ਹੈ ਜਾਂ ਕਿ ਸਮੇ ਦੇ ਸਰਕਾਰੀ ਜ਼ਾਲਮਾਂ ਦਾ! (ਉਸ ਵਿਦਵਾਨ ਸੱਜਣ ਨੇ ਧਾਰਮਿਕ ਸੂਝ ਤੋਂ ਖਾਲੀ ਹੋਣ ਕਰਕੇ ਜੋ ਅਪਮਾਨਜਨਕ ਸ਼ਬਦ ਵਰਤੇ ਸਨ ਉਹ ਮੈਂ ਏਥੇ ਦੁਹਰਾਉਣੇ ਯੋਗ ਨਹੀਂ ਸਮਝਦਾ।) ਉਸ ਦਾ ਇਸ਼ਾਰਾ ਸੀ ਕਿ ਕਈ ਵਾਰ ਰਾਗੀ ਸਿੰਘ ਫਿਲਮੀ ਤਰਜਾਂ ਉਪਰ ਕੀਰਤਨ ਕਰਦੇ ਸੁਣਾਈ ਦਿੰਦੇ ਹਨ। ਵੈਸੇ ਕਦੀ ਕਦੀ ਮੈਨੂੰ ਵੀ ਅਜਿਹਾ ਭੁਲੇਖਾ ਪੈ ਜਾਂਦਾ ਹੈ ਜਿਵੇਂ ਕਿ ਰਾਗੀ ਸਿੰਘ ਕਿਸੇ ਫਿਲਮੀ ਤਰਜ ਉਪਰ ਕੀਰਤਨ ਕਰ ਰਹੇ ਹੋਣ ਅਤੇ ਅਜਿਹਾ ਉਸ ਸਮੇ ਵੀ ਹੁੰਦਾ ਹੈ ਜਦੋਂ ਕਿ ਟੀ.ਵੀ. ਉਪਰ ਲਾਈਵ ਕੀਰਤਨ ਸਾਰੀ ਦੁਨੀਆ ਉਪਰ ਸੁਣਾਈ ਤੇ ਵਿਖਾਈ ਦੇ ਰਿਹਾ ਹੁੰਦਾ ਹੈ।

ਇਕ ਦਿਨ ਹੋਰ ਵੀ ਕਦੇ ਨਾ ਸੁਣਾਈ ਦੇਣ ਵਾਲ਼ੇ ਸ਼ਬਦ ਦਾ ਕੀਰਤਨ ਵੀ ਅੰਦਰੋਂ ਸੁਣਾਈ ਦਿਤਾ। ਅੰਮ੍ਰਿਤਸਰ ਵਿਚਲੇ ਪੜਾ ਸਮੇ, ਸਦਾ ਦੀ ਤਰ੍ਹਾਂ ਇਕ ਦਿਨ ਸਵੇਰੇ ਜਦੋਂ ਗਲਿਆਰੇ ਵਿਚ ਨਿਤਨੇਮ ਪੂਰਾ ਕਰਨ ਉਪ੍ਰੰਤ ਮੈਂ ਪ੍ਰਕਰਮਾਂ ਦੇ ਅੰਦਰ ਦਾਖਲ ਹੋ ਕੇ ਜਦੋਂ ਕੜਾਹ ਪ੍ਰਸ਼ਾਦ ਵਾਲ਼ੇ ਸਥਾਨ ਤੱਕ ਪਹੁੰਚਿਆ ਤਾਂ ਅੰਦਰੋਂ ਆਸਾ ਦੀ ਵਾਰ ਦੇ ਕੀਰਤਨ ਦੌਰਾਨ ਸਵੇਰੇ ਸਵੇਰੇ, "ਤੂੰ ਹੀ ਨਿਸ਼ਾਨੀ ਜੀਤ ਕੀ ਆਜ ਤੂੰ ਹੀ ਜਗਬੀਰ॥" ਦੀ ਧੁਨੀ ਰਾਗੀ ਸਿੰਘਾਂ ਦੀ ਰਸਨਾ ਤੋਂ ਸੁਣਾਈ ਦਿਤੀ। ਸਵੇਰੇ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੌਰਾਨ ਇਹ ਪੰਗਤੀ ਕੁਝ ਵੱਖਰੀ ਜਿਹੀ ਲੱਗੀ। ਸ਼ਾਇਦ ਇਸ ਕਰਕੇ ਕਿ ਪਹਿਲਾਂ ਕਦੀ ਰਾਗੀ ਸਿੰਘਾਂ ਪਾਸੋਂ ਇਸ ਦਾ ਕੀਰਤਨ ਸੁਣਿਆ ਨਹੀਂ ਸੀ। ਸੋਚ ਵੀ ਆਈ ਕਿ ਅੰਮ੍ਰਿਤ ਵੇਲ਼ੇ ਸ੍ਰੀ ਆਸਾ ਦੀ

ਵਾਰ ਦੇ ਕੀਰਤਨ ਵਿਚ ਇਸ ਦਾ ਉਚੇਚਾ ਉਚਾਰਨ ਕਰਨ ਦੀ ਕੀ ਜ਼ਰੂਰਤ ਸੀ! ਇਹ ਸ਼ਬਦ ਦਸਮ ਗ੍ਰੰਥ ਵਿਚੋਂ ਸਮਝਿਆ ਜਾਂਦਾ ਹੈ। ਇਸ ਗ੍ਰੰਥ ਦੀ ਜਿਲਦਬੰਦੀ ਦੇ ਸਮੇ ਤੋਂ ਹੀ ਪੰਥ ਵਿਚ ਇਸ ਵਿਚਲੀਆਂ ਬਾਣੀਆਂ ਬਾਰੇ ਮੱਤ ਭੇਦ ਚਲੇ ਆਉਂਦੇ ਹਨ। ਇਹਨੀਂ ਦਿਨੀਂ ਇੰਟਰਨੈਟ ਦੇ ਵਸੀਲੇ ਸਦਕਾ, ਇਸ ਬਾਰੇ ਵਾਹਵਾ ਹੀ ਵਾਦ ਵਿਵਾਦ ਚੱਲ ਰਿਹਾ ਹੈ। ਇਸ ਲਈ ਹੋ ਸਕਦਾ ਹੈ ਕਿ ਦਸਮ ਗ੍ਰੰਥ ਦੇ ਹਿਮਾਇਤੀ ਸੱਜਣਾਂ ਵੱਲੋਂ ਉਚੇਚੇ ਤੌਰ ਤੇ ਇਸ ਦੀਆਂ ਰਚਨਾਵਾਂ ਨੂੰ ਕੀਰਤਨ ਵਿਚ ਸ਼ਾਮਲ ਕਰਨ ਦਾ ਉਦਮ ਕੀਤਾ ਜਾ ਰਿਹਾ ਹੋਵੇ!

ਗੱਲ ਕਰ ਲਈਏ ਫਿਲਮੀ ਟਿਊਨਾਂ ਉਪਰ ਕੀਰਤਨ ਦੀ: ਮੈਂ ਇਸ ਗੱਲ ਦਾ ਮੁਕੰਮਲ ਤੌਰ ਤੇ ਵਿਰੋਧੀ ਨਹੀ। ਗੁਰੂ ਸਾਹਿਬਾਨ ਨੇ ਵੀ ਆਪਣੇ ਸਮੇ ਦੀਆਂ ਪ੍ਰਚੱਲਤ ਲੋਕ-ਸੰਗੀਤ ਦੀਆਂ ਧੁਨਾਂ ਉਪਰ ਬਾਣੀ ਰਚੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਾਨੂੰ ਵੱਖ ਵੱਖ ਬਾਣੀਆਂ ਦੇ ਆਰੰਭ ਵਿਚ ਦਿਤੇ ਸਿਰਲੇਖਾਂ ਤੋਂ ਪਤਾ ਲੱਗਦਾ ਹੈ ਕਿ ਇਹ ਬਾਣੀ ਜਾਂ ਸ਼ਬਦ ਕਿਸ ਲੋਕ ਗੀਤ ਦੀ ਧੁਨ ਉਪਰ ਗਾਉਣਾ ਹੈ! ਜਿਵੇਂ ਬਾਰਹ ਮਾਹ, ਸਤਵਾਰੇ, ਵਾਰ, ਬਾਵਨ ਅਖਰੀ, ਘੋੜੀਆਂ, ਅਲਾਹਣੀਆਂ, ਥਿਤਾਂ, ਛੰਤ, ਰਹੋਏ ਕੇ ਛੰਤ, ਜੁਮਲਾ, ਏਕ ਸੁਆਨ ਕੈ ਘਰਿ ਗਾਵਣਾ ਆਦਿ। ਫਿਰ ਬਾਈ ਵਾਰਾਂ ਵਿਚੋਂ ਨੌ ਵਾਰਾਂ ਨੂੰ ਉਸ ਸਮੇ ਤੋਂ ਪਹਿਲਾਂ ਹੋ ਚੁੱਕੇ ਸੂਰਮਿਆਂ ਦੀ ਬਹਾਦਰੀ ਬਾਰੇ ਵਾਰਾਂ, ਜੋ ਢਾਡੀ/ ਡੂਮ/ਮਰਾਸੀ ਆਦਿ ਗਵੱਈਏ ਗਾਇਆ ਕਰਦੇ ਸਨ, ਉਹਨਾਂ ਦੀਆਂ ਧੁਨਾਂ ਉਪਰ ਗਾਉਣ ਦੀ ਹਿਦਾਇਤ, ਖ਼ੁਦ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਰ ਗਏ ਹਨ। ਇਸ ਲਈ ਸਮੇ ਨਾਲ਼ ਪ੍ਰਚੱਲਤ ਪਾਪੂਲਰ ਸੰਗੀਤ ਦੀਆਂ ਧੁਨਾਂ ਉਪਰ ਕੀਰਤਨ ਕਰਨਾ, ਮੇਰੇ ਖਿਆਲ ਵਿਚ ਕੋਈ ਪਾਪ ਨਹੀਂ ਪਰ ਸਮੱਸਿਆ ਓਦੋਂ ਪੈਦਾ ਹੁੰਦੀ ਹੈ ਜਦੋਂ ਸਰੋਤਿਆਂ ਨੂੰ ਸ਼ਬਦ ਦੀ ਸਮਝ ਆਉਣ ਦੀ ਥਾਂ, ਉਸ ਗੀਤ ਨੂੰ ਗਾਏ ਜਾਣ ਸਮੇ ਸਿਨਮੇ ਦੇ ਪਰਦੇ ਉਪਰ ਹੀਰੋਇਨ ਲੱਕ ਮਚਕੋੜਦੀ ਹੋਈ ਗਾਉਂਦੀ, ਸਰੋਤੇ ਦੀ ਸੋਚ ਵਿਚ ਉਭਰ ਆਉਂਦੀ ਹੈ। ਅਜਿਹੇ ਸਮੇ ਸ਼ਬਦ ਅਤੇ ਉਸ ਦੇ ਅਰਥ ਤਾਂ ਪਤਾ ਨਹੀਂ ਕਿਥੇ ਰਹਿ ਜਾਂਦੇ ਹਨ!

ਮੈ ਆਪਣੀ ਗੱਲ ਦੱਸਦਾ ਹਾਂ। ਭਾਵੇਂ ਕਿ ਮੈ ਹੁਣ ਜਵਾਨ ਨਹੀ ਹਾਂ ਪਰ ਫਿਰ ਵੀ ਇਕ ਸਮੇ ਦਾ ਵਾਕਿਆ ਹੈ। ਵੈਸਾਖੀ ਤੇ ਅੰਮ੍ਰਿਤਸਰ ਵਿਚ ਭਾਈਆ ਜੀ ਕੁਝ ਸਮੇ ਲਈ ਘਰ ਨਾ ਆਏ ਤੇ ਸਾਡੀ ਭੈਣ ਨੂੰ ਫਿਕਰ ਹੋਇਆ ਕਿ ਏਨਾ ਚਿਰ ਘਰੋਂ ਬਾਹਰ ਰਹਿ ਸਕਣ ਦੀ ਭਾਈਆ ਜੀ ਦੀ ਸੇਹਤ ਉਹਨਾਂ ਨੂੰ ਆਗਿਆ ਨਹੀਂ ਦਿੰਦੀ। ਉਹਨਾਂ ਨਾਲ਼ ਕਿਤੇ ਮਾੜੀ ਘਟਨਾ ਨਾ ਵਾਪਰ ਗਈ ਹੋਵੇ! ਮੈ ਉਹਨਾਂ ਨੂੰ, ਘਰ ਦੇ ਨੇੜੇ ਵਾਲ਼ੇ ਗੁਰਦੁਆਰਾ ਸਾਹਿਬ ਵਿਚ ਸਜ ਰਹੇ, ਧਾਰਮਿਕ ਦੀਵਾਨ ਵਿਚੋਂ ਲਭਣ ਲਈ ਗਿਆ ਕਿ ਸ਼ਾਇਦ ਉਹ ਓਥੇ ਕੀਰਤਨ ਸੁਣ ਰਹੇ ਹੋਣ! ਉਸ ਦੀਵਾਨ ਵਿਚ ਗੁਰਮੁਖ ਪਹਿਰਾਵੇ ਵਿਚ ਸਜੀਆਂ ਨੌਜਵਾਨ ਬੱਚੀਆਂ ਕੀਰਤਨ ਕਰ ਰਹੀਆਂ ਸਨ ਤੇ ਸ਼ਬਦ ਤਰਜ ਕੇਹੜੀ ਉਪਰ ਗਾਇਆ ਜਾ ਰਿਹਾ ਸੀ, ਇਹ ਤਾਂ ਮੈਨੂੰ ਹੁਣ ਤੱਕ ਵੀ ਯਾਦ ਹੈ ਪਰ ਉਸ ਟਿਊਨ ਉਪਰ ਸ਼ਬਦ ਕੇਹੜਾ ਸੀ, ਕਦੋਂ ਦਾ ਭੁੱਲ ਚੁੱਕਿਆ ਹੈ। ਗਾਣਾ ਵੀ ਉਹ ਸੀ ਜਿਸ ਨੂੰ ਪਤਾ ਲੱਗਾ ਸੀ ਕਿ ਸੈਂਸਰ ਬੋਰਡ ਨੇ ਅਸ਼ਲੀਲ ਸਮਝ ਕੇ ਫਿਲਮ ਵਿਚੋਂ ਕਟਵਾ ਦਿਤਾ ਹੋਇਆ ਸੀ:

ਇਸ ਕਰਕੇ ਪ੍ਰਚੱਲਤ ਫਿਲਮੀ ਗਾਣਿਆਂ ਦੀਆਂ ਧੁਨਾਂ ਉਪਰ ਕੀਰਤਨ ਕਰਨਾ ਅਮਲੀ ਤੌਰ ਤੇ ਵਾਜਬ ਨਹੀ। ਹਾਂ ਜੇਕਰ ਕੋਈ ਏਨੀ ਪੁਰਾਣੀ ਕਿਤੇ ਸ਼ਾਸਤਰੀ ਰਾਗ ਦੀ ਧੁਨ ਹੋਵੇ, ਤੇ ਉਸ ਉਪਰ ਢੁਕਵਾਂ ਸ਼ਬਦ ਗਾਇਆ ਜਾ ਸਕੇ, ਜਿਸ ਗਾਣੇ ਦੀ ਸਰੋਤਿਆਂ ਨੂੰ ਸਮਝ ਨਾ ਹੋਵੇ ਤਾਂ ਕੋਈ ਪਾਪ ਵਾਲ਼ੀ ਗੱਲ ਨਹੀ।

ਪੰਜਾਹਵਿਆਂ ਵਾਲ਼ੇ ਦਹਾਕੇ ਦੌਰਾਨ ਬੰਬਈਆ ਫਿਲਮ 'ਨਾਗਨ' ਬੜੀ ਪ੍ਰਸਿਧ ਹੋਈ ਸੀ। ਇਸ ਦੇ ਗਾਣਿਆਂ ਦੀਆਂ ਜਿੰਨੀਆਂ ਧੁੰਮਾਂ ਪਈਆਂ ਸਨ ਉਸ ਦੇ ਬਰਾਬਰ ਅਜੇ ਤੱਕ ਕੋਈ ਹੋਰ ਫਿਲਮੀ ਗਾਣਾ ਨਹੀਂ ਅੱਪੜ ਸਕਿਆ। ਇਹ ਫਿਲਮ ਉਸ ਸਮੇ ਤਾਂ ਮੈਂ ਨਹੀ ਸੀ ਵੇਖ ਸਕਿਆ ਪਰ ਪੰਜਾਬ ਭਰ ਵਿਚ ਥਾਂ ਥਾਂ ਤੇ ਇਸ ਦੇ ਗਾਣਿਆਂ ਦੇ ਹੀ ਰਿਕਾਰਡ

ਸੁਣਾਈ ਦਿਆ ਕਰਦੇ ਸਨ। ਇਸ ਦਾ ਇਕ ਗਾਣਾ, "ਮਨ ਡੋਲੇ ਮੇਰਾ ਤਨ ਡੋਲੇ ਮੇਰੇ ਦਿਲ ਕਾ ਗਿਆ ਕਰਾਰ ਰੇ ਕੌਨ ਬਜਾਵੇ ਬੰਸਰੀਆ।" ਤੇ ਇਸ ਦੇ ਨਾਲ਼ ਹੀ ਸੱਪ ਕੱਢਣ ਵਾਲ਼ਿਆਂ ਦੀ ਬੀਨ ਦੀ ਧੁਨ ਤਾਂ ਬੱਚੇ ਤੋਂ ਲੈ ਕੇ ਬੁਢੇ ਤੱਕ ਦੇ ਦਿਲ ਦਾ ਕਰਾਰ ਵੀ ਖੋ ਦਿੰਦੀ ਹੁੰਦੀ ਸੀ। ਫਿਰ ਇਸ ਦੀ ਕੰਪੋਜ਼ਿੰਗ ਏਨੀ ਸਾਦੀ ਸੀ ਕਿ ਹਰ ਕੋਈ ਇਸ ਨੂੰ ਗੁਣਗੁਣਾ ਸਕਦਾ ਸੀ ਤੇ ਗੁਰਬਾਣੀ ਦਾ ਹਰੇਕ ਹੀ ਸ਼ਬਦ ਇਸ ਉਪਰ ਫਿੱਟ ਕਰ ਕੇ ਗਾਇਆ ਜਾ ਸਕਦਾ ਸੀ। ੨੦੧੧ ਦੇ ਨਵੰਬਰ ਮਹੀਨੇ ਵਿਚ ਹੀ ਪਰਥ ਸ਼ਹਿਰ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਬਹੁਤ ਸਾਰੀਆਂ ਸ਼ਬਦਾਂ ਦੀਆਂ ਸੀ.ਡੀਆਂ ਵਿਚੋਂ ਇਕ ਸੀ.ਡੀ. ਸੁਣਾਈ ਦਿਤੀ। ਬੜਾ ਸਮਾ ਸੋਚਣ ਪਿੱਛੋਂ ਇਹ ਤਾਂ ਪਤਾ ਲੱਗ ਗਿਆ ਕਿ ਇਹ ਸ਼ਬਦ ਵੀ ਸੁਰੀਲੇ ਗਾਇਕ ਨੇ ਓਸੇ ਫਿਲਮ ਦੇ ਇਕ ਹੋਰ ਗਾਣੇ ਦੀ ਤਰਜ ਉਪਰ ਹੀ ਗਾਇਆ ਹੈ।

ਇਸ ਤੋਂ ਸੱਠਵਿਆਂ ਦਾ ਸਮਾ ਚੇਤੇ ਆ ਗਿਆ। ਮੈ ਪਟਿਆਲਾ ਵਿਖੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਰਾਗੀ ਦੀ ਸੇਵਾ ਕਰਦਾ ਸਾਂ। ਓਸੇ ਸਮੇ ਓਥੇ ਹੀ ਇਕ ਹੋਰ ਰਾਗੀ ਸਿੰਘ, ਭਾਈ ਸੰਤੋਖ ਸਿੰਘ ਸੰਧੂ ਨਾਮੀ ਵੀ ਸਨ। ਉਹ ਆਪਣੇ ਸਮੇ ਦੇ ਪਹਿਲੇ ਰਾਗੀ ਸਿੰਘ ਸਨ ਜੋ ਆਪਣੇ ਨਾਂ ਨਾਲ਼ ਆਪਣੀ ਗੋਤ ਦਾ ਨਾਂ ਵਰਤਣਾ ਫਖ਼ਰ ਸਮਝਦੇ ਸਨ। ਜ਼ਿਲ੍ਹਾ ਅੰਮ੍ਰਿਤਸਰ ਵਿਚਲਾ ਭਕਨਾ ਉਹਨਾਂ ਦਾ ਪਿੰਡ ਸੀ। ਉਹਨਾਂ ਦਾ ਕੱਦ ਮਧਰਾ ਤੇ ਸਰੀਰ ਕੁਝ ਭਾਰਾ ਸੀ ਪਰ ਬੜੇ ਬਣ ਸਵਰ ਕੇ ਰਿਹਾ ਕਰਦੇ ਸਨ ਤੇ ਸਰੀਰ ਵੀ ਉਹਨਾਂ ਦਾ ਐਕਟਿਵ ਸੀ। ਸ਼ਾਇਦ ਮੇਰੀ ਜਾਣਕਾਰੀ ਵਿਚ ਉਸ ਸਮੇ ਉਹ ਹੀ ਅਜਿਹੇ ਰਾਗੀ ਸਿੰਘ ਸਨ ਜੋ ਲਾਇਸੈਂਸੀ ਬੰਦੂਕ ਵੀ ਰੱਖਦੇ ਸਨ। ਉਹਨਾਂ ਨੇ ਘੱਗੀ ਜਿਹੀ ਆਵਾਜ਼ ਵਿਚ ਨੀਵੀਂਆਂ ਜਿਹੀਆਂ ਸੁਰਾਂ ਉਪਰ ਅਜਿਹਾ ਖਿੱਚ ਪਾਊ ਕੀਰਤਨ ਕਰਨਾ ਕਿ ਸੰਗਤਾਂ ਨੇ ਬਾਕੀ ਦੂਸਰੇ ਰਾਗੀ ਸਿੰਘਾਂ ਨਾਲ਼ੋਂ ਉਹਨਾਂ ਦੇ ਕੀਰਤਨ ਦਾ ਵਧ ਆਨੰਦ ਮਾਨਣਾ। ਬਾਅਦ ਵਿਚ ਉਹਨਾਂ ਦੇ ਸਾਥੀਆਂ ਤੋਂ ਪਤਾ ਲੱਗਾ ਕਿ ਉਹ ਰਾਤ ਸਮੇ ਰੇਡੀਉ ਤੋਂ ਦੂਜੇ ਸੂਬਿਆਂ ਦੀਆਂ ਬੋਲੀਆਂ ਦੀਆਂ ਫਿਲਮਾਂ ਦੇ ਗਾਣੇ ਸੁਣ ਕੇ, ਉਹਨਾਂ ਦੀਆਂ ਧੁਨਾਂ ਉਪਰ ਸ਼ਬਦ ਫਿੱਟ ਕਰਕੇ, ਗਾਇਆ ਕਰਦੇ ਸਨ। ਬੰਗਾਲੀ, ਮਰਾਠੀ, ਗੁਜਰਾਤੀ, ਉੜੀਆ ਆਦਿ ਫਿਲਮਾਂ ਦੀਆਂ ਧੁਨਾਂ ਦਾ ਉਹ ਸੁਚੱਜਾ ਪ੍ਰਯੋਗ ਅਜਿਹੇ ਕਲਾਤਮਿਕ ਢੰਗ ਨਾਲ਼ ਕਰਿਆ ਕਰਦੇ ਸਨ ਕਿ ਸਰੋਤਿਆਂ ਨੂੰ ਕਦੀ ਸ਼ੰਕਾ ਹੀ ਨਹੀਂ ਸੀ ਹੁੰਦੀ ਕਿ ਉਹ ਫਿਲਮੀ ਧੁਨਾਂ ਦਾ ਪ੍ਰਯੋਗ ਕਰਦੇ ਹਨ। ਉਹ ਧੁਨਾਂ ਵੀ ਤਾਂ ਸੰਗੀਤ ਦੇ ਮਾਹਰ ਪ੍ਰੋਫ਼ੈਸ਼ਨਲ ਸੰਗੀਤਕਾਰਾਂ ਦੀਆਂ ਕੰਪੋਜ਼ ਕੀਤੀਆਂ ਹੁੰਦੀਆਂ ਹਨ। ਉਹਨਾਂ ਦਾ ਸੁਚੱਜਾ ਪ੍ਰਯੋਗ ਕਰਨ ਵਿਚ ਮੈਨੂੰ ਕੋਈ ਹਰਜ ਵੀ ਨਹੀਂ ਜਾਪਦਾ। ਫਿਰ ਸਭ ਤੋਂ ਵੱਧ ਚੰਗੀ ਗੱਲ ਇਹ ਕਿ ਪੰਜਾਬੀਆਂ ਨੇ ਨਾ ਉਹ ਫਿਲਮਾਂ ਵੇਖੀਆਂ ਹੁੰਦੀਆਂ ਸਨ, ਨਾ ਹੀ ਉਹ ਗਾਣੇ ਸੁਣੇ ਤੇ ਨਾ ਹੀ ਅਭਿਨੇਤਰੀਆਂ ਦੇ ਵਾਸ਼ਨਾ ਉਕਸਾਊ ਸੀਨ ਵੇਖੇ ਹੁੰਦੇ ਸਨ। ਇਸ ਕਰਕੇ ਸਰੋਤਿਆਂ ਦੀ ਸੁਰਤ ਓਧਰ ਨਹੀ ਸੀ ਜਾਂਦੀ ਤੇ ਉਹ ਸ਼ਬਦ ਦਾ ਆਨੰਦ ਮਾਣਦੇ ਸਨ।

ਇਹ ਵੀ ਉਹਨਾਂ ਦੇ ਪ੍ਰਸੰਸਕਾਂ ਪਾਸੋਂ ਸੁਣਿਆ ਹੈ ਕਿ ਸੰਤ ਬਾਬਾ ਅਤਰ ਸਿੰਘ ਜੀ ਆਪਣੇ ਸਮੇ ਮਾਲਵੇ ਦੀਆਂ ਲੋਕ ਧੁਨਾਂ ਉਪਰ ਸੰਗਤਾਂ ਨੂੰ ਬਾਣੀ ਸੁਣਾਇਆ ਕਰਦੇ ਸਨ ਜਿਨ੍ਹਾਂ ਨੂੰ ਧਾਰਨਾਂ ਵਾਲ਼ਾ ਕੀਰਤਨ ਆਖਿਆ ਜਾਂਦਾ ਹੈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਧਾਰਨਾਵਾਂ ਨੂੰ ਕੱਚੀ ਬਾਣੀ ਆਖ ਕੇ ਅਜਿਹੇ ਕੀਰਤਨ ਦੀ ਮਨਾਹੀ ਕੀਤੀ ਗਈ ਹੋਈ ਹੈ। ਆਖਿਆ ਜਾਂਦਾ ਹੈ ਕਿ ਧਾਰਨਾ ਕੱਚੀ ਬਾਣੀ ਹੈ ਪਰ ਜਦੋਂ ਅਸੀਂ ਕੀਰਤਨ ਵਿਚ ਵਿਆਖਿਆ ਕਰਦੇ ਹਾਂ ਜਾਂ ਧੰਨ ਧੰਨ ਬਾਬਾ ਦੀਪ ਸਿੰਘ ਜੀ, ਜਾਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਵਾਹਿਗੁਰੂ ਵਾਹਿਗੁਰੂ ਆਦਿ ਦਾ ਉਚਾਰਨ ਕਰਦੇ ਹਾਂ ਤਾਂ ਉਹ ਵੀ ਤਾਂ ਸ਼ਬਦੋਂ ਬਾਹਰੀ ਰਚਨਾ ਹੀ ਹੁੰਦੀ ਹੈ। ਇਕ ਸੁਘੜ ਰਾਗੀ ਸਿੰਘ ਕੋਲ਼ੋਂ ਇਹ ਸ਼ੰਕਾ ਜ਼ਾਹਰ ਕਰਕੇ ਇਸ ਦਾ ਸਮਾਧਾਨ ਚਾਹਿਆ ਤਾਂ ਉਸ ਦੀ ਦਲੀਲ ਸੀ ਕਿ ਵਿਆਖਿਆ ਬਾਰੇ ਸਰੋਤਿਆਂ ਨੂੰ ਪਤਾ ਹੁੰਦਾ ਹੈ ਕਿ ਇਹ ਵਿਆਖਿਆ ਹੈ ਕਿਉਂਕਿ ਉਹ ਵਾਰਤਕ ਵਿਚ ਹੁੰਦੀ ਹੈ ਪਰ ਧਾਰਨਾ ਦੀ ਲਾਈਨ ਕਵਿਤਾ ਵਿਚ ਹੋਣ ਕਰਕੇ ਸ੍ਰੋਤਿਆਂ ਨੂੰ ਉਸ ਦੇ ਬਾਣੀ ਹੋਣ ਬਾਰੇ

ਭੁਲੇਖਾ ਲੱਗ ਸਕਦਾ ਹੈ। ਦਲੀਲ ਤਾਂ ਇਹ ਵਜ਼ਨਦਾਰ ਹੈ ਪਰ ਇਸ ਨਾਲ਼ ਮੁਕੰਮਲ ਤੌਰ ਤੇ ਸ਼ੰਕਾ ਦੀ ਨਿਵਿਰਤੀ ਨਹੀਂ ਹੁੰਦੀ। ਸੰਤ ਮੱਤ ਦੇ ਕਈ ਸੁਘੜ ਕੀਰਤਨੀਏ ਧਾਰਨਾਂ ਉਪਰ ਕੀਰਤਨ ਕਰਦੇ ਹਨ ਤੇ ਸੰਗਤ ਸੁਣ ਕੇ ਆਨੰਦ ਮਾਣਦੀ ਹੈ।

ਬਹਾਨਾ ਚਾਹੇ ਕੋਈ ਵੀ ਬਣਿਆ ਅਤੇ ਇਸ ਪਿੱਛੇ ਇਕ ਵਿਸ਼ਾਲ ਇਤਿਹਾਸਕ ਘਟਨਾ ਦਾ ਜ਼ਿਕਰ ਸਿੱਖ ਇਤਿਹਾਸ ਵਿਚ ਵਰਣਤ ਹੈ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਂਰਾਜ ਦੀ ਕਿਰਪਾ ਨਾਲ਼, ਰਾਗ ਵਿੱਦਿਆ ਇਕ ਵਿਸ਼ੇਸ਼ ਸ਼੍ਰੇਣੀ ਦੀ ਮਨਾਪਲੀ ਨਾ ਰਹਿ ਕੇ ਜਨ ਸਾਧਾਰਣ ਸਿੱਖ ਸੰਗਤਾਂ ਦੀ ਪਹੁੰਚ ਅੰਦਰ ਹੋ ਗਈ ਹੈ ਜਿਸ ਕਰਕੇ ਇਸ ਸਮੇ ਹਰੇਕ ਗੁਰੂ ਕਾ ਸਿੱਖ/ਸਿੱਖਣੀ ਕੀਰਤਨ ਕਰਨ ਦਾ ਅਧਿਕਾਰੀ ਹੈ। ਸਾਡੇ ਵੇਲ਼ੇ ਤਾਂ ਬਹੁਤ ਕਰਕੇ ਰਾਗੀ ਸਿੰਘ ਅਨਪੜ੍ਹ ਜਾਂ ਅੱਧਪੜ੍ਹ ਜਿਹੇ ਹੁੰਦੇ ਸਨ ਜੋ ਕਿ ਰਾਗ, ਤਾਲ ਆਦਿ ਵਿਚ ਤਾਂ ਅੱਜ ਨਾਲ਼ੋਂ ਕਿਤੇ ਵਧ ਪ੍ਰਬੀਨ ਹੁੰਦੇ ਸਨ ਪਰ ਅਜੋਕੀ ਸਕੂਲੀ ਵਿਦਿਆ ਤੋਂ ਅਧੂਰੇ ਹੀ ਹੁੰਦੇ ਸਨ। ਇਸ ਤੋਂ ਇਲਾਵਾ ਸੱਬਰਕੱਤੀ ਗਿਣਤੀ ਵਿਚ ਰਾਗੀ ਸਿੰਘ ਅੱਖਾਂ ਤੋਂ ਅਧੂਰੇ ਹੁੰਦੇ ਸਨ। ਸਿੱਖ ਸੂਰਮੇ ਦਾ ਰਾਗੀ ਹੋਣ ਬਾਰੇ ਲੋਕਾਂ ਵਿਚ ਏਨਾ ਯਕੀਨ ਹੁੰਦਾ ਸੀ ਕਿ ਮਾਲਵੇ ਵਿਚ ਕਈ ਵਾਰ ਸੂਰਮੇ ਸਿੰਘ ਨੂੰ, ਭਾਵੇਂ ਉਹ ਰਾਗੀ ਨਾ ਵੀ ਹੋਵੇ, 'ਰਾਗਾ ਸਿੰਘ' ਕਰਕੇ ਸੰਬੋਧਨ ਕਰ ਲਿਆ ਜਾਂਦਾ ਸੀ। ਇਹਨੀਂ ਦਿਨੀਂ ਤਾਂ ਯੂਨੀਵਰਸਿਟੀ ਤੱਕ ਪੜ੍ਹੇ ਲਿਖੇ ਨੌਜਵਾਨ, ਕਈ ਡਾਕਟ੍ਰੇਟ ਤੱਕ ਦੀਆਂ ਡਿਗਰੀਆਂ ਵਾਲ਼ੇ ਵੀ ਰਾਗੀ ਸਿੰਘ ਹਨ। ਪਿਛਲੀ ਅੱਧੀ ਕੁ ਸਦੀ ਤੋਂ ਗੁਰਮਤਿ ਸੰਗੀਤ ਦੀ ਹਰੇਕ ਪੱਖੋਂ ਬਹੁਤ ਤਰੱਕੀ ਵੀ ਹੋਈ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸੰਗੀਤ ਵਿਭਾਗ ਵੀ ਖੁਲ੍ਹ ਗਏ ਹਨ ਅਤੇ ਕਈ ਥਾਂਈਂ ਨਾਲ਼ ਨਾਲ਼ ਗੁਰਮਤਿ ਸੰਗੀਤ ਵਿਭਾਗ ਵੀ ਜਾਰੀ ਹਨ ਜਿਥੇ ਗੁਰਬਾਣੀ ਆਧਾਰਤ ਸੰਗੀਤ ਦੀ ਵਿੱਦਿਆ ਪ੍ਰਸਾਰੀ ਤੇ ਪ੍ਰਚਾਰੀ ਜਾ ਰਹੀ ਹੈ। ਮੌਜੂਦਾ ਸਮੇ ਕਈ ਸਫ਼ਲ ਕੀਰਤਨੀਏ ਸਿੰਘ ਇਸ ਤਰੀਕੇ ਨਾਲ਼ ਸ਼ਬਦ ਦੀਆਂ ਧੁਨਾਂ ਕੰਪੋਜ਼ ਕਰਦੇ ਹਨ ਕਿ ਉਹ ਫਿਲਮੀ ਗਾਣਿਆਂ ਦੀਆਂ ਧੁਨਾਂ ਦਾ ਮੁਕਾਬਲਾ ਕਰਦੀਆਂ ਹਨ। ਇਸ ਕਰਕੇ ਗੁਰਮਤਿ ਸੰਗੀਤ ਸੰਸਾਰ, ਹੁਣ ਅਨਪੜ੍ਹਾਂ, ਅੱਧਪੜ੍ਹਾਂ ਜਾਂ ਸੂਰਮੇ ਸਿੰਘਾਂ ਦਾ ਹੀ ਖੇਤਰ ਨਾ ਰਹਿ ਕੇ ਇਕ ਵਿਸ਼ਾਲ ਸੰਸਾਰ ਦੇ ਰੂਪ ਵਿਚ ਸਿਰਜਿਆ ਜਾ ਚੁੱਕਾ ਹੈ।

ਆਸਟ੍ਰੇਲੀਆ, gianisantokhsingh@yahoo.com.au

## POSITIVE THINKING

Life is a Pandora Box containing various experiences. It consists of Joys & Sorrows, Happiness, Sadness, Tears and Laughter. Richness and poverty, good health and diseases keep it in mind that nothing is for ever.

As the season changes, life also changes. Good health and diseases are part of life and we should be ready with the hope that every Black cloud has a silver linning and that black days never stay forever.

***With best Compliments from a Well Wisher***

# ਗੁਰੂ ਘਰ ਦੇ ਕੀਰਤਨੀਏ ਪ੍ਰੋ: ਮੰਗਤ ਸਿੰਘ ਮਸਤਾਨਾ

## ਕਰਨੈਲ ਸਿੰਘ ਐੱਮ. ਏ.

**ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥ ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ** ਅਨੁਸਾਰ ਗੁਰਬਾਣੀ ਦਾ ਨਿਰੋਲ ਕੀਰਤਨ ਕਰਨ ਵਾਲੇ ਅਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਜੈਸੇ ਸਾਤ ਮੰਦਰ ਕੰਚਰ ਕੇ ਉਸਾਰ ਦੀਨੇ ਤੈਸਾ ਪੁਨ ਸਿਖ ਕੋ ਇਕ ਸ਼ਬਦ ਸਿਖਾਇ ਕੈ' ਦੇ ਅਨੁਸਾਰ ਹਰ ਇਕ ਸੰਗੀਤ ਦੇ ਸਿੱਖਣ ਵਾਲੇ ਨੂੰ ਸੰਗੀਤ ਸਿਖਾਉਣ ਦੇ ਮਾਹਿਰ ਗੁਰੂ-ਘਰ ਦੇ ਕੀਰਤਨੀਏ ਪ੍ਰੋ: ਮੰਗਤ ਸਿੰਘ ਮਸਤਾਨਾ ਦਾ ਜਨਮ 14 ਦਸੰਬਰ 1964 ਈ: ਨੂੰ ਪਿਤਾ ਸ੍ਰੀ ਸਰਦਾਰੀ ਲਾਲ ਅਤੇ ਸਵ: ਮਾਤਾ ਆਸਾਵੰਤੀ ਦੀ ਕੁੱਖੋਂ ਮਲੋਟ ਵਿਖੇ ਹੋਇਆ। ਇਹ ਕੱਟੜ ਹਿੰਦੂ ਘਰਾਣੇ ਵਿਚੋਂ ਸਨ ਪਰ ਅੱਜ ਅੰਮ੍ਰਿਤਧਾਰੀ ਤੇ ਨਿੱਤ ਨੇਮੀ ਹਨ। ਸੰਤ ਬਾਬਾ ਵਿਰਸਾ ਸਿੰਘ ਗੋਬਿੰਦ ਸਦਨ ਦਿੱਲੀ ਵਾਲਿਆਂ ਦੀ ਕਥਾ ਤੋਂ ਭਾਈ ਵਜ਼ੀਰ ਸਿੰਘ ਰਾਮ ਨਗਰ ਤੇ ਸ੍ਰੀ ਸੁਖਚੈਨ ਸਿੰਘ ਸੰਧੂ ਯੂਕੋ ਬੈਂਕ ਮਲੋਟ ਵਾਲਿਆਂ ਤੋਂ ਪ੍ਰਭਾਵਤ ਹੋ ਕੇ ਗੁਰੂ-ਘਰ ਨਾਲ ਜੁੜੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪ੍ਰਸਿੱਧ ਟਕਸਾਲੀ ਪਾਠੀ ਭਾਈ ਵਜ਼ੀਰ ਸਿੰਘ ਪਾਸੋਂ ਪ੍ਰਾਪਤ ਕੀਤੀ। ਸਵ: ਭਾਈ ਪ੍ਰੀਤਮ ਸਿੰਘ ਗੁਰਦੁਆਰਾ ਗੁਰੂ ਅੰਗਦ ਦੇਵ ਜੀ ਅਬੋਹਰ ਦੇ ਪ੍ਰਸਿੱਧ ਰਾਗੀ ਪਾਸੋਂ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ।

ਮਸਤਾਨਾ ਜੀ ਨੇ ਮਲੋਟ ਦੇ ਪ੍ਰਸਿੱਧ ਸੰਗੀਤਕਾਰ ਪ੍ਰੋ: ਅਰਵਿੰਦਰਪਾਲ ਸਿੰਘ ਪਾਸੋਂ ਕਲਾਸੀਕਲ ਸੰਗੀਤ ਦੀ ਸਿੱਖਿਆ ਹਾਸਲ ਕੀਤੀ। ਉਹਨਾਂ ਨੇ ਕੀਰਤਨ ਅਤੇ ਤਬਲਾ ਸਵ: ਭਾਈ ਸੁਖਚੈਨ ਸਿੰਘ ਯੂਕੋ ਬੈਂਕ ਵਾਲਿਆਂ ਦੀ ਪ੍ਰੇਰਨਾ ਰਾਹੀਂ ਸਿੱਖਿਆ। ਉਹਨਾਂ ਮੀਰਾ ਮਿਊਜ਼ਿਕ ਕਾਲਜ, ਬਠਿੰਡਾ ਦੇ ਸੈਂਟਰ ਰਾਹੀਂ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦਾ ਬੀ. ਏ. ਤੱਕ ਦਾ ਡਿਪਲੋਮਾ ਹਾਸਲ ਕੀਤਾ।

ਸੰਨ 1994 ਵਿਚ 2 ਅਕਤੂਬਰ ਨੂੰ ਮੋਗਾ ਦੇ ਰੀਗਲ ਸਿਨੇਮੇ ਵਿਖੇ ਪੰਜਾਬ ਯੁਵਾ ਸ਼ਾਂਤੀ ਵੱਲੋਂ ਮਾਤਸਾਨਾ ਜੀ ਨੂੰ ਗਾਇਕੀ ਦੇ ਖੇਤਰ ਵਿਚ ਮੱਲਾਂ ਮਾਰਨ ਕਰਕੇ ਸਨਮਾਨਿਤ ਕੀਤਾ ਗਿਆ। ਹੋਰ ਵੀ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ, ਸਭਾ-ਸੁਸਾਇਟੀਆਂ, ਸਕੂਲਾਂ-ਕਾਲਿਜਾਂ ਵੱਲੋਂ ਮਾਣ ਸਨਮਾਣ ਪ੍ਰਾਪਤ ਹੋ ਚੁੱਕੇ ਹਨ।

1138/63-ਏ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 1, ਦਵਾਰਕਾਦੀਸ਼ ਮੰਦਰ ਵਾਲੀ ਗਲੀ, ਜਮਾਲਪੁਰ, ਲੁਧਿਆਣਾ

(ਧੰਨਵਾਦ ਸਹਿਤ ਰੋਜ਼ਾਨਾ ਅਜੀਤ ਅਖਬਾਰ)

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,**
**ਨਵੀਂ ਦਿੱਲੀ 110 060 ਫੋਨ : 25862955**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

**A Mystic Gurbani Sangeetkar and Kathakar**

# Giani Hira Singh (Kahsmir)

Giani Hira Singh was a very handsome dynamic and unique personality amongst the sikh community of Kashmir. He was the eldest of four sons and three daughters of a well-to-do zamindar family of Karam Singh Namardar and Shrimati Bishami Kaur of Village Dhubrhi (Chikar) District Muzaffrabad, the border district of Kashmir province adjoining Punjab and North West frontier province of India. Sardar Karam Singh also had another son Bhai Lal Singh from his first wife who has passed away.

Giani Hira Singh was born in September (Exact date not known) in the year 1800 C.E. at Chikar. He was the second generation grandson of Sardar Bhola Singh originally haled from Chukana district Lahore Punjab and was an officer in the army of Maharaja Ranjit Singh and had participated in the conquest of Kashmir by General Hari Singh Nalwa who had established a network of Cantonments on the borders of District Muzaffabad and left grarrsons of troops in each cantonment for security and consolidation. One such cantonment was established at Chikar and Sardar Bhola Singh was appointed commander of the fort there. However, after the termination of sikh kingdom in Punjab, the Dogra forces of Maharaja Gulab Singh ousted all the sikh soldiers from these cantonments throughout the Kashmir. Sardar Bhola Singh there upon with the help of local muslim rajas occupied whole village of Drubrhi very close to chikar and settle down there with his family. There was no scope for all these sikh soldiers to return to their native land of Punjab.

Sardar Karam Singh could not persue his father's profession of soldiering, but acquired religious knowledge of sikh scripture and was well versed of the same. Both his sons Bhai Lal Singh and Giani Hira Singh showed great interest and ability in the religious scriptures. So their father Sardar Karam Singh sent them to sikh study institution run by a scholar Bhai Mohan Singh and Bhai Chabber Singh at Bhatika (in Ghari Muzaffarrabad) where they also joined Bhai Puran Singh (after know Akali Kaur Singh Nihang) and acquired higher knowledge of Gurbani and other sikh scriptures. All three were thus declared Guru Bhai's. Sometimes later all the three went in different directions outside

the state. Akali ji reached suchkhand Hazoor Sahib Naned and was followed by Giani Hira Singh there for higher studies and both became top class orates and Kaathakars.

Giani Hira Singh at the age of about 20-22 returned to Punjab and in one Samelan at Faridkot under the Patronage of Raja Faridkot sought time to speak. However, in the presence of large number of sikh sants and scholars, the management reluctantly and on somebody's recommendation gave him 10 minutes time and asked him to speak on "Dharam", Religion, considering that the youngster will be a total flop. However, Giani Hira Singh's attractive disposition and eloquence of his speech and his deep scholarship kept the audience spell bound and on the insistence of panth he spoke for more than 40 minutes. Raja of Fardkot immediately offered him the chair of Hazori Granthi at his palace Gurudwara which he declined. Malik Chabber Singh Ahluwalia from Rawalpindi spotting him there persuaded him to join him at Rawalpindi, where he established a sikh study centre at Gurudwara Malikan. After about 5 years in one of the congregations Rai Sahib Sardar Ganda Singh Chief Engineer J& K state listened to his scholary exponent of Gurbani and forced him to accompany him to Srinagar pleading that his own people of the state were deeply engraced in Vedic vedis, Tatar Mantar and brahmical rituals and were completely ignorant of Guru maryda because of bad non Dharam preaching by local Pandas and Mahants deras of Poonch and Danna. Giani Hira Singh then with the assistance of Sardar Ganda Singh and another well to do Punjabi Sikh's family established a sikh study centre at Amirakadal later located in the same floor of Gurudwara Amirakadal Srinagar. From there he introduced weekly congregation as per Guru Maryada not only in Chatipathshai Kathi Darwaza Srinagar but several other historic Gurudwaras Shaddi magar, Baramulla and Maharaj Ganj Srinagar. Later he undertook a tour of all the villages and towns of Kashmir and persuaded sikh masses to discause Brahmin war and introduced Guru Maryada by establishing local Gurudwara's. In Srinagar in his centre he trained many a sikh pathis to spread sikhism. Akali Ravail Singh of Simun Anantnag, Bhai Prem Singh, Bhai Manj Singh and many others. As per Akali Ravail Singh, Giani Hira Singh created an impact by his parchar that people used to walk several miles and join his Katha program at Gurudwara Amirakadal. They included not only sikhs but also Hindus and much against his wishes he was admired and recunt as Brahmgyani.

The Kashmir ruler Maharaja Gulab Singh after listening to his Katha once established a Gurudwara in his own Palace at Sher Gadi Srinagar where

he used to receive him after brining him in his royal horse zone carriage every Sunday and listen to his Katha for an hour. On several occasions he offered him remuneration in cash and kind but he always declined starting that he does not sell Gurbani.

In the year 1921 on Baisakhi day a massive congregation of sikhs and Hindus from J & K and sub-joining areas of Punjab and Frontier province was held at Ghufa Muzaffrabad under the patronage of Mahant Narain Singh where a Singh Sabha charter was introduced by Bhai Lal Singh and Giani Hira Singh and was passed. Later the same was spread throughout the stall as Singh Sabha Laher, which Giani Hira Singh consistenty persuaded and preached resulting in a new awakening of Sikhism among the degenerated sikh community.

Giani Hira Singh contined with his mission for more than 10 years from his headquarters Srinagar and passed away in September 25 at the younage of 45.

E-mail : jbsingh.801@gmail.com

Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਰਾਗ ਰਾਮਕਲੀ

ਬਲਜਿੰਦਰ ਸਿੰਘ

ਵਾਦੀ-ਪੰਚਮ, ਸੰਵਾਦੀ-ਰਿਸ਼ਭ, ਥਾਟ-ਭੈਰਵ
ਜਾਤੀ-ਸ਼ਾੜਵ ਸੰਪੂਰਨ, ਸਮਾਂ-ਦਿਨ ਦਾ ਪਹਿਲਾ ਪਹਿਰ
ਆਰੋਹ- ਸ ਗ, ਮ ਪ, ਧੁ ਨੀ ਸਂ
ਅਵਰੋਹ- ਸਂ ਨੀ ਧੁ ਪ, ਮੇ ਪ ਧੁ ਨੁੀ ਧੁ ਪ, ਗ ਮ ਰੇੁ ਸ
ਮੁੱਖ ਅੰਗ - ਧੁ ਪ, ਮੇ ਪ ਧੁ ਨੁੀ ਧੁ ਪ, ਗ ਮ ਰੇੁ ਸ

| ਘ | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| **ਸਥਾਈ** | | | | | | | | | | | | | | | |
| | | | | | | | | ਸਂ | ਨੀਧੁ | ਪ | ਪ | ਮੇਪ | ਧੁਨੁੀ | ਧੁ | ਪ |
| | | | | | | | | ਮੇ | ਰੇS | ਮ | ਨ | ਸS | ਤਿS | ਗੁ | ਰ |
| ਗ | - | ਗ | ਮ | ਰੇੁ | - | ਸ | - | ਸ | ਰੇੁ | ਗ | ਮ | ਪ | - | ਪ | - |
| ਸੇ | Sਵਿ | ਸੁ | ਖ | ਹੋ | S | ਈ | S | ਜੋ | S | ਇ | S | ਛਹੁ | S | S | ਸੋ |
| ਮ'ਪ | ਧੁਨੁੀ | ਧੁ | ਪ | ਗ | ਮ | ਰੇੁ | ਸ | ਗ | - | ਮ | - | ਧੁ | - | ਨੀ | - |
| ਈS | SS | ਫ | ਲ | ਪਾ | S | ਵਹੁ | S | ਫਿਰ | ਦੂ | ਖ | ਨ | ਵਿਆ | S | ਪੈ | S |
| ਪਧੁ | ਨੀਸਂ | ਰੇੁਂਸਂ | ਨੀਂਸਂ | ਸਂਨੀ | ਧੁਨ਼ੀ | ਧੁਪ | ਮੇਪ | | | | | | | | |
| ਕੋS | SS | SS | SS | ਈS | SS | SS | SS | | | | | | | | |
| **ਅੰਤਰਾ** | | | | | | | | | | | | | | | |
| | | | | | | | | ਗ | - | ਮ | - | ਧੁ | - | ਨੀ | - |
| | | | | | | | | ਕਿ | ਰ | ਪਾ | ਕ | ਰਹੁ | S | S | ਦੀ |
| ਸਂ | - | ਸਂ | - | ਗਂਰੇੁ | - | ਸਂ | - | ਸਂਸਂ | ਰੇੁਂਰੇੁ | ਗਂ | ਮੇਂ | ਰੇੁਂ | - | ਸਂ | - |
| S | ਨ | ਕੇ | S | ਦਾ | S | ਤੇ | S | ਮੇਰਾ | ਗੁਣ | ਅ | ਵ | ਗੁ | ਣ | ਨਾ | ਬੀ |
| ਸਂ | - | ਨੀਸਂ | ਰੇਂਸਂ | ਨੀਧੁ | - | ਪ | - | ਗ | - | ਮ | - | ਧੁ | - | ਨੀ | - |
| ਚਾ | S | ਰਹੁ | SS | ਕੋ | S | ਈ | S | S | ਮਾ | S | ਟੀ | ਕਾ | S | ਕਿਆ | S |
| ਸਂ | - | ਸਂ | - | ਰੇੁਂ | - | ਸਂ | - | ਸਂ | ਰੇੁਂ | ਗ | ਮ | ਰੇੁਂ | - | ਸਂ | - |
| ਧੋ | S | ਪੈ | S | ਸੁਆ | S | ਮੀ | S | ਮਾ | S | ਣ | ਸ | ਕੀ | S | ਗ | -ਤਿ |
| ਸਂ | - | ਨੀਸਂ | ਰੇੁਂਸਂ | ਨੀਧੁ | - | ਪ | - | ਸਂ | ਨੀਧੁ | ਪ | - | ਮੇ | - | ਪ | - |
| ਏ | S | SS | SS | ਹੀ | S | S | S | ਮਾ | SS | ਣ | ਸ | ਕੀ | S | ਗ | ਤਿ |
| ਮੇਪ | ਧੁਨੀ | ਧੁ | ਪ | ਗ | ਮ | ਰੇੁ | ਸ | | | | | | | | |
| ਏ | SS | S | S | ਹੀ | S | S | S | | | | | | | | |

M.A. IInd in Gurmat Sangeet Punjabi University, Patiala

ਅੰਗ ੯੮੨

ਰਾਗੁ ਰਾਮਕਲੀ ਮਹਲਾ ੫ ਘਰੁ ੧

Raag Raamkalee, Fifth Mehl, First House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥

Have mercy on me, O Generous Giver, Lord of the meek; please do not consider my merits and demerits.

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥੧॥

How can dust be washed? O my Lord and Master, such is the state of mankind. ||1||

ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ ॥

O my mind, serve the True Guru, and be at peace.

ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥੧॥ ਰਹਾਉ ॥

Whatever you desire, you shall receive that reward, and you shall not be afflicted by pain any longer. ||1||Pause||

ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥

He creates and adorns the earthen vessels; He infuses His Light within them.

ਜੈਸਾ ਲਿਖਤੁ ਲਿਖਿਆ ਧੁਰਿ ਕਰਤੈ ਹਮ ਤੈਸੀ ਕਿਰਤਿ ਕਮਾਈ ॥੨॥

As is the destiny pre-ordained by the Creator, so are the deeds we do. ||2||

ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ ॥

He believes the mind and body are all his own; this is the cause of his coming and going.

ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ ॥੩॥

He does not think of the One who gave him these; he is blind, entangled in emotional attachment. ||3||

ਜਿਨਿ ਕੀਆ ਸੋਈ ਪ੍ਰਭੁ ਜਾਣੈ ਹਰਿ ਕਾ ਮਹਲੁ ਅਪਾਰਾ ॥

One who knows that God created him, reaches the Incomparable Mansion of the Lord's Presence.

ਭਗਤਿ ਕਰੀ ਹਰਿ ਕੇ ਗੁਣ ਗਾਵਾ ਨਾਨਕ ਦਾਸੁ ਤੁਮਾਰਾ ॥੪॥੧॥

Worshipping the Lord, I sing His Glorious Praises. Nanak is Your slave. ||4||1||

## ਗੁਰੂ ਘਰ ਦੇ ਢਾਢੀ ਭਾਈ ਨੱਥਾ ਤੇ ਅਬਦੁੱਲਾ (ਗੁਰਨਾਮ ਸਿੰਘ (ਡਾ.)*

ਸੰਗੀਤ ਦੀ ਬਹੁ-ਪ੍ਰਭਾਵੀ ਸ਼ਕਤੀ ਨੂੰ ਪਛਾਣਦਿਆਂ ਸਮੇਂ-ਸਮੇਂ ਸਿੱਖ ਧਰਮ ਵਿਚ ਸੰਗੀਤ ਦਾ ਪ੍ਰਯੋਗ ਬਾਖ਼ੂਬੀ ਕੀਤਾ ਗਿਆ। ਸਿੱਖ ਧਰਮ ਵਿਚ ਪ੍ਰਭੂ ਦੀ ਸਿਫਤ ਸਲਾਹ ਕਰਨ ਵਾਲੇ ਪਹਿਲੇ ਢਾਡੀ ਖ਼ੁਦ ਗੁਰੂ ਨਾਨਕ ਹੋਏ ਅਤੇ ਇਸ ਪਰੰਪਰਾ ਵਿਚ ਰਬਾਬੀ, ਰਾਗੀ ਤੇ ਢਾਡੀ ਕੀਰਤਨੀਆਂ ਦੀ ਸ਼ੈਲੀ ਖ਼ੂਬ ਪ੍ਰਫੁੱਲਤ ਹੋਈ। ਵੱਖ ਵੱਖ ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਵਿਚੋਂ ਨੌ ਵਾਰਾਂ ਉੱਤੇ ਅੰਕਿਤ ਲੋਕ ਵਾਰਾਂ ਦੀਆਂ ਧੁਨਾਂ ਢਾਡੀ ਤੇ ਰਬਾਬੀ ਪਰੰਪਰਾ ਦੇ ਅਨਿੱਖੜ ਸਬੰਧ ਦੀ ਪ੍ਰਤੱਖ ਮਿਸਾਲ ਹਨ।

ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਉਪਰੰਤ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗਲ ਰਾਜ ਦੇ ਅਨਿਆਂ ਖਿਲਾਫ ਦੱਬੀ ਕੁਚਲੀ ਜਾ ਰਹੀ ਭਾਰਤੀ ਜਨਤਾ ਨੂੰ ਸਮਾਜਿਕ, ਧਾਰਮਿਕ ਤੇ ਰਾਜਨੀਤਕ ਤੌਰ ਤੇ ਜਾਗਰੂਕ ਕਰਨ ਲਈ ਭਗਤੀ ਤੇ ਸ਼ਕਤੀ ਦਾ ਸੁਮੇਲ ਮੀਰੀ ਤੇ ਪੀਰੀ ਦੇ ਰੂਪ ਵਿਚ ਕੀਤਾ ਅਤੇ ਸ਼ਸਤਰਾਂ ਦੇ ਧਾਰਣੀ ਹੋਏ। ਸੱਚ ਦੀ ਬੁਲੰਦ ਆਵਾਜ਼ ਨੂੰ ਉੱਚ ਕਦਰਾਂ ਦੁਆਰਾ ਗੁਰੂਆਂ ਅਤੇ ਵੱਖ-ਵੱਖ ਧਰਮਾਂ, ਜਾਤਾਂ ਦੇ ਸੰਤਾਂ ਭਗਤਾਂ ਦੀ ਬਾਣੀ ਦੇ ਨਾਲ ਲੋਕ ਇਤਿਹਾਸ ਵਿਚੋਂ ਸਮਾਜਿਕ, ਰਾਜਨੀਤਕ ਤੇ ਧਾਰਮਿਕ ਉੱਚ ਮੁੱਲਾਂ ਦੇ ਪ੍ਰਤਿਨਿਧ ਨਾਇਕਾਂ ਦੀ ਬਹਾਦਰੀ ਨੂੰ ਲੋਕਾਈ ਦੀ ਅਣਖ ਜਗਾਉਣ ਲਈ ਪ੍ਰਯੋਗ ਕੀਤਾ। ਇਸ ਤਰ੍ਹਾਂ ਹਰਿਮੰਦਰ ਸਾਹਿਬ ਵਿਚ ਪੋਥੀ ਸਾਹਿਬ ਦੇ ਪ੍ਰਕਾਸ਼ ਦੇ ਨਾਲ ਨਾਲ ਸ਼ਬਦ ਕੀਰਤਨ ਦੀ ਰੀਤ ਵਾਂਗੂੰ ਅਕਾਲ ਤਖਤ ਸਾਹਿਬ ਤੇ ਉਕਤ ਮੰਤਵ ਦੀ ਪੂਰਤੀ ਲਈ ਢਾਡੀਆਂ ਦੁਆਰਾ ਬੀਰ ਰਸੀ ਗਾਇਨ ਦਾ ਪ੍ਰਚਲਨ ਵੀ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਆਖ ਢਾਡੀ ਮੰਗਵਾਏ :

ਸਾਹਿਬ ਬੁੱਢੇ ਅਸ ਕਹਾ ਸੁਨੋ ਪ੍ਰਭੂ ਸੁਖੁ ਪਾਇ। ਸ਼ੁਤਰੀ ਔਰੁ ਨਿਸ਼ਾਨ ਜੋ ਢਾਢੀ ਲੋਹੁ ਮੰਗਾਇ।

ਢਾਢੀ ਲੋਹੁ ਮੰਗਾਇ, ਰਹੈ ਸੁਰ ਸਿਉਂ ਗੁਨ ਸਦਨਾ। ਅਬਦੁਲ ਤਾ ਕਾ ਨਾਮੁ, ਤਾਹਿ ਮਨਿ ਮੋਹੁ ਸੁ ਮਦ ਨਾ।

ਬੁੱਢੇ ਬਚ ਸੁਨਿ ਸਿਖੁ ਪਠਯੋ ਪ੍ਰਭੂ ਤਾਹ ਸੁਖੁ ਪਾਇ। ਸ਼ੁਤਰੀ ਆਦਿ ਮੰਗਾਯੋ ਅਬਦੁਲ ਲੀਯੋ ਮੰਗਾਇ। (ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮)

ਭਾਈ ਅਬਦੁੱਲਾ ਦਾ ਪੂਰਾ ਨਾਮ ਮੀਰ ਅਬਦੁੱਲਾ ਸੀ, ਪਿੰਡ ਸੁਰ ਸਿੰਘ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ ਅਤੇ ਉਸਦੇ ਸਾਥੀ ਢਾਡੀ ਤੇ ਮਸੇਰ ਭਰਾ ਭਾਈ ਨੱਥਾ (ਨੱਥ ਮਲ) ਸੁਲਤਾਨਵਿੰਡ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਇਸ ਤਰ੍ਹਾਂ ਢਾਡੀ ਅਬਦੁੱਲਾ ਜ ਦੇ ਨਾਲ ਨੱਥਾ ਵੀ ਗੁਰੂ ਦਰਬਾਰ ਆਇਆ।

ਸਤਿ ਬਚਨ ਢਾਢੀ ਕਹੇ ਨੱਥੂ ਢੱਢ ਬਜਾਇ। ਅਬਦੁਲ ਹਾਥ ਰਬਾਬ ਲੈ ਠਾਢਾ ਗੁਰ ਸਮੁਹਾਇ। ।੧੭੫।। (ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮)

ਅਕਾਲ ਤਖਤ ਦੀ ਸਥਾਪਨਾ, ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨਣ, ਕਲਗੀ ਸਜਾਉਣ ਅਤੇ ਛੇਵੇਂ ਗੁਰੂ ਦੇ ਤਖਤ 'ਤੇ ਬਿਰਾਜਮਾਨ ਹੋਣ ਦੇ ਪ੍ਰਸੰਗ ਨੂੰ ਭਾਈ ਨੱਥਾ ਤੇ ਅਬਦੁੱਲਾ ਜਿਸ ਤਰ੍ਹਾਂ ਬਾਖ਼ੂਬੀ ਗਾਇਆ। ਗੁਰ ਬਿਲਾਸ ਪਾਤਸ਼ਾਹੀ ੬ਵੀਂ ਦੇ ਕਰਤਾ ਨੇ ਉਕਤ ਬਿਰਤਾਂਤ ਨੂੰ ਇਸ ਤਰ੍ਹਾਂ ਬਿਆਨਿਆ ਹੈ

ਸੱਚਾ ਤਖਤ ਸੁਹਾਯੋ ਸ੍ਰੀ ਗੁਰ ਪਾਇ ਕੈ। (...)

ਸ੍ਰੀ ਗੁਰ ਤਖਤ ਬਿਰਾਜੈ ਪ੍ਰਭੂ ਧਯਾਇ ਕੈ। ਮੀਰ ਅਬਦੁੱਲ ਨੱਥਾ, ਗੁਰ ਜਸੁ ਕਹੈਂ ਬਨਾਇ ਕੈ। ।੬੨।। ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮)

ਇਸ ਤਰ੍ਹਾਂ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਨੌਕਰੀ ਤੇ ਰੱਖ ਲਿਆ ਤਾਂ ਕਿ ਇਹ ਸਿੱਖ ਸੈਨਾ ਦੇ ਯੋਧਿਆਂ ਵਿਚ ਵਾਰਾਂ ਗਾ ਕੇ ਜੋਸ਼ ਭਰਿਆ ਕਰਨ। ਇਕ ਬਹੁਤ ਬਲਵਾਨ ਘੋੜਾ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਬਖਸ਼ਿਸ਼ ਕੀਤਾ।

ਨਿਜ ਸੁਭਟਾਨਿ ਸੁਨਾਵਨਿ ਕਾਰਨ। ਕਰਹਿਂ ਜੰਗ ਜੈਸੇ ਬਡ ਦਾਰੁਨ।

ਅਬਿਦੁਲ ਕੋ ਚਾਕਰ ਕਰਿ ਰਾਖਯੋ। ਦਰਬ ਦਿਵਾਇ ਮਸੰਦਨਿ ਭਾਖਯੋ। ।੩੧।।

ਬਲੀ ਤੁਰੰਗ ਦਿਯੋ ਹਿਤ ਚਰਿਬੇ। ਸੁਭਟਨਿ ਵਾਰਿ ਸੁਨਾਵਨਿ ਕਰਿਬੇ। (...)।੩੨।।

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੪, ਅਧਿਆਇ ੪੪)

ਗੁਰੂ ਹਰਗੋਬਿੰਦ ਸਾਹਿਬ ਭਾਈ ਨੱਥਾ ਤੇ ਅਬਦੁੱਲਾ ਦੁਆਰਾ ਆਮ ਲੋਕਾਂ ਵਿਚ ਪ੍ਰਚਲਿਤ ਲੋਕ ਨਾਇਕ ਦੀਆਂ ਵਾਰਾਂ ਦੇ ਗਾਇਨ ਤੋਂ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਇਨ੍ਹਾਂ ਦੋਵੇਂ ਢਾਡੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਦੇ ਗਾਇਨ ਲਈ ਵੀ ਪ੍ਰੇਰਿਆ। ਗੁਰ ਬਿਲਾਸ ਪਾਤਿਸ਼ਾਹੀ ਛੇਵੀਂ ਦੇ ਹਵਾਲੇ ਅਨੁਸਾਰ :

ਸ੍ਰੀ ਗੁਰ ਤਖਤ ਅਕਾਲ ਸੁਹਾਏ। ਬੁੱਢੇ ਆਦਿਕ ਨਿਕਟਿ ਬੈਠਾਏ। ਅਧਿਕ ਵਿਥਾਰ ਦਿਵਾਨ ਲਗਾਯੋ। ਦੇਖਿ ਪੁਰੰਦਰ ਮਨਿ ਸਕੁਚਾਯੋ। ।੧੭੬।।

ਭਿੰਨ ਭਿੰਨ ਸਭ ਵਾਰ ਉਚਾਰੈ। ਢਾਢੀ ਅਬਦੁਲ ਬਡ ਛਬਿ ਧਾਰੈ। ਧੁਨਿ ਯੁਤ ਬਾਈ ਵਾਰ ਸੁਨਾਈ। ਦੋਇ ਮਾਸ ਮਹਿ ਨਿਜ ਮਨੁ ਲਾਈ। ।੧੭੭।।

ਲਾਇ ਪ੍ਰੇਮੁ ਸ੍ਰੀ ਗੁਰ ਸੁਨਤ ਦੇਤ ਬਿੱਤ ਬਹੁ ਤਾਹਿ। ਚੜ੍ਹਯੋ ਚੇਤ ਸ੍ਰੀ ਗੁਰੂ ਜੀ ਮਨ ਮੈ ਧਾਰਿ ਉਮਾਹ। ।੧੭੮।।

ਬਾਈ ਵਾਰ ਕੀ ਧੁਨਿ ਸੁਨਿ ਬਾਈ। ਨੌ ਧੁਨਿ ਊਪਰਿ ਵਾਰ ਚੜਾਈ। ਕਰੇ ਯਾਦ ਗੁਰ ਅਰਜਨ ਬੈਨਾ। ਮਨ ਪਸੰਦ ਚਾੜ੍ਹੌਂ ਧਰਿ ਚੈਨਾ। ।੧੭੯।।

(ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮)

ਇਸ ਤਰ੍ਹਾਂ ਲੋਕ ਵਾਰਾਂ ਦੀਆਂ ਧੁਨੀਆਂ ਗੁਰੂ ਘਰ ਵਿਚ ਪ੍ਰਵਾਨ ਚੜ੍ਹੀਆਂ ਅਤੇ ਰਾਗ ਪਰੰਪਰਾ ਤੇ ਲੋਕ ਸੰਗੀਤਕ ਪਰੰਪਰਾ ਦਾ ਸਮੁੇਲ ਹੋਰ ਪੀਡਾ ਹੋਇਆ। ਇਤਿਹਾਸ ਵਿਚ ਇਨ੍ਹਾਂ ਢਾਡੀਆਂ ਦੇ ਗਾਇਨ ਦੇ ਕਈ ਬਿਰਤਾਂਤ ਹਨ। ਰਬਾਬੀ ਭਾਈ ਬਾਬਕ ਜੀ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਦੇਹ ਦੀ ਅੰਤਿਮ ਰਸਮਾਂ ਵੀ ਭਾਈ ਅਬਦੁੱਲਾ ਕੋਲੋਂ ਕਰਵਾਉਣ ਦਾ ਮਾਣ ਦਿੱਤਾ। ਇਹ ਢਾਡੀ ਵੀਰ ਗੁਰੂ ਘਰ ਦੇ ਮੋਹਰੀ ਸਿੱਖਾਂ ਵਜੋਂ ਵਿਚਰੇ। ਗੁਰੂ ਸਾਹਿਬ ਵੀ ਇਨ੍ਹਾਂ ਦੇ ਮਾਣ ਇੱਜ਼ਤ ਵਿਚ ਕੋਈ ਕਸਰ ਬਾਕੀ ਨਹੀਂ ਸੀ ਰਹਿਣ ਦਿੰਦੇ। ਇੱਥੋਂ ਤੱਕ ਕਿ ਇਨ੍ਹਾਂ ਨੂੰ ਸਵਾਰੀ ਲਈ ਘੋੜਾ ਤੇ ਹਾਥੀ ਤੱਕ ਵੀ ਪ੍ਰਦਾਨ ਕਰਦੇ ਰਹੇ।

ਸੰਗੀਤ ਦ੍ਰਿਸ਼ਟੀ ਤੋਂ ਵੇਖੀਏ ਤਾਂ ਪ੍ਰਤੱਖ ਹੁੰਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਰਾਗਾਤਮਕ ਕੀਰਤਨ ਲਈ ਰਾਗੀ, ਰਬਾਬੀ ਤੇ ਬੀਰ ਰਸੀ ਇਤਿਹਾਸਕ ਗਾਇਨ ਲਈ ਢਾਡੀ ਪਰੰਪਰਾ ਨੂੰ ਉਤਸ਼ਾਹਿਤ ਹੀ ਨਹੀਂ ਸਥਾਪਤ ਵੀ ਕੀਤਾ। ਇਹ ਦੋਵੇਂ ਪਰੰਪਰਾ ਅੱਜ ਵੀ ਸਿੱਖ ਸੰਗੀਤ ਦਾ ਅਨਿੱਖੜ ਅੰਗ ਹਨ। ਇਕ ਹੋਰ ਤੱਥ ਇਤਿਹਾਸਕ ਤੌਰ ਤੇ ਪ੍ਰਤੱਖ ਹੁੰਦ ਹੈ ਕਿ ਭਾਈ ਅਬਦੁੱਲਾ ਰਬਾਬ ਵਜਾਇਆ ਕਰਦੇ ਸਨ। ਇੰਜ ਜਾਪਦਾ ਹੈ ਕਿ ਇਹ ਰਬਾਬ ਵਰਤਮਾਨ ਸਾਰੰਗੀ ਵਰਗਾ ਗਜ਼ ਨਾਲ ਵਜਾਉਣ ਵਾਲਾ ਰਬਾਬ ਹੋਵੇਗਾ ਭਾਵ ਰਬਾਬ ਰਬਾਬੀਆਂ ਦਾ ਪ੍ਰਿਯ ਸਾਜ਼ ਸੀ ਜਿਸ ਨੂੰ ਰਾਗੀ ਤੇ ਢਾਡੀ ਦੋਵੇਂ ਹੀ ਪ੍ਰਯੋਗ ਕਰਦੇ ਰਹੇ ਹੋਣਗੇ। ਇਸ ਹਵਾਲੇ ਨਾਲ ਗੁਰੂ ਘਰ ਦੇ ਵਰਤੀਂਦੇ ਸਾਜ਼ ਰਬਾਬ ਦੇ ਦੋਵੇਂ ਰੂਪ ਸਾਨੂੰ ਪੁਨਰ ਸੁਰਜੀਤੀ ਲਈ ਵੀ ਪ੍ਰੇਰਦੇ ਹਨ।

**ਪ੍ਰੋਫੈਸਰ ਤੇ ਮੁਖੀ ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀ ਵਰਸਿਟੀ, ਪਟਿਆਲਾ।**

Postal Regd. No. G/CHD /0045/2012-14 RNI Regd. No. 46788/89 ISSN 0972-2335

ੴ

## ਬਾਬੀਹਾ ਅੰਮ੍ਰਿਤ ਵੇਲੇ ਬੋਲਿਆ

**Babiha Amrit Vele Bolya**

ਗੁਰਬਾਣੀ ਕੀਰਤਨ

**ਡਾ. ਜਾਗੀਰ ਸਿੰਘ, ਚੰਡੀਗੜ੍ਹ**

**Babiha Amrit Vele Bolya**
**Kaun Jaane Peer Parayee**

**Saajan Des Videsiare**
**Mere Bhai Jana**

**– ਬਾਬੀਹਾ ਅੰਮ੍ਰਿਤ ਵੇਲੇ ਬੋਲਿਆ – ਕਉਨ ਜਾਨੈ ਪੀਰ ਪਰਾਈ**
**–ਸਾਜਨ ਦੇਸ ਵਿਦੇਸੀਅੜੇ – ਮੇਰੇ ਭਾਈ ਜਨਾ**

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਹ ਸੀ. ਡੀ. ਮੁਫਤ ਪ੍ਰਾਪਤ ਕਰਨ ਲਈ ਆਪਣਾ ਐਡਰੈੱਸ,
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**